# ਅੰਮ੍ਰਿਤ ਕੀਰਤਨ

ਮਾਰਚ 2015


**Posting Date**
01 ਮਾਰਚ 2015



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

## ਬਾਰਹਮਾਹ - ਹਾੜ



ਹਾੜ ਹਿਜਰ ਦੀ ਗਰਮੀ ਡਾਢੀ
ਸਾੜੇ ਸੀਨਾ ਸੀਨਾ ਏ।
ਬਾਝ ਤੇਰੇ ਇਹ ਵੰਗਾਂ ਨਾ ਸੋਭਣ
ਕਰਸਾਂ ਚੀਨਾ-ਚੀਨਾ ਏ।
ਆਬ ਬਿਨਾ ਜਿਉਂ ਰਹੇ ਨਾ ਮਛੀ,
ਏਦਾ ਮੇਰਾ ਜੀਣਾ ਏ।
ਜੇ ਜਾਣਨ ਇਹ ਮੌਤ ਨਿਸ਼ਾਨੀ,
ਕਿਉਂ ਜ਼ਹਿਰ ਪਿਆਲਾ ਪੀਣਾ ਏ।
ਬੈਠੀ ਰੋਵਾਂ ਵਿਚ ਉਡੀਕਾਂ,
ਬਿਨ ਤੇਰੇ ਕਿਆ ਜੀਣਾ ਏ।
ਤਾਂਘ ਤੇਰੀ ਵਿਚ ਬਿਹਬਲ ਹੋਈਆਂ।
ਤੜਫ ਰਹਿਆ ਸੀਨਾ ਏ।
ਸੰਤੋਖ ਸਿੰਘਾ ਬਿਨ ਮਾਹੀ ਪਿਆਰੇ,
ਭਾਵੇ ਨ ਇਹ ਜੀਣਾ ਏ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਕਰਉ ਬੇਨੰਤੀਆ : ਆਪੇ ਬੀਜਿ ਆਪੇ ਹੀ ਖਾਹੁ 5

ਗੁਰਮਤਿ ਸੰਗੀਤ ਵਿਚ ਰਾਗ ਸੂਹੀ
ਡਾ. ਗੁਰਨਾਮ ਸਿੰਘ 8

ਰਾਗੀ ਪ੍ਰੋ: ਚਤਰ ਸਿੰਘ
ਹਰਸਿਮਰਨ ਕੌਰ 11

''संगीत शिक्षण में अलंकारों का महत्त्व''
(विशिष्ट वर्ण सन्दर्भ अलंकार)
कमलेश इन्द्र सिंह 15

ਸੁਰ ਲਿਪੀ - ਦਰਬਾਰੀ ਕਾਨੜਾ
ਹਰਿਭਜਨ ਸਿੰਘ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਜ਼ਰੂਰ ਕਰੋ ਜੀ**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ਮਿਤ੍ਰ ਅਸਾਡੜੇ ਸੇਈ

ਆਪ ਜੀ ਦੀ ਲਗਨ ਤੇ ਭਰਪੂਰ ਮਿਹਨਤ ਸਦਕਾ ਅੰਮ੍ਰਿਤ ਕੀਰਤਨ ਖ਼ੂਬ ਤਰੱਕੀਆਂ ਕਰ ਰਿਹਾ ਹੈ। ਮੈਟਰ ਵੀ ਬੜਾ ਵਧੀਆ ਹੈ। ਦਿਖ ਵੀ ਕਮਾਲ ਦੀ। ਗੁਝੀਆਂ ਰਮਝਾਂ ਦਾ ਕਿਆ ਕਹਿਣਾ ਹੈ। ਕਈ ਨਹੀਂ ਸਾਰੀਆਂ ਪੰਕਤੀਆਂ ਐਨੀਆਂ ਵਧੀਆ ਅਤੇ ਦਿਲ ਟੰਬਾਊ ਲਗਦੀਆਂ ਹਨ ਕਿ ਕੱਲਿਆਂ ਬੈਠ ਕੇ ਗਾਉਣ ਲਗ ਪੈਂਦਾ ਹਾਂ।

ਨਵਾਂ ਸਾਲ-ਕੀ ਖੋਇਆ-ਕੀ ਪਾਇਆ ਵਿਚ ਬੜੇ ਸੁੰਦਰ ਤੇ ਕੀਮਤੀ ਵਿਚਾਰ ਦਰਸਾਏ ਗਏ ਹਨ। ਅਮਲ ਕਰਨ ਨਾਲ ਜੀਵਨ-ਜਾਚ ਵਿਚ ਵਾਧਾ ਹੀ ਵਾਧਾ ਹੋਵੇਗਾ।

**ਗਿਆਨੀ ਸਵਿੰਦਰ ਸਿੰਘ, ਮਕਾਨ ਨੰ: 1316, ਸੈਕਟਰ 37ਬੀ, ਚੰਡੀਗੜ੍ਹ, ਫੋਨ : 0172 2690588**

ਫਰਵਰੀ ਅੰਕ ਪ੍ਰਾਪਤ ਹੋਇਆ ਨਾਲ ਹੀ ਆਪ ਦੇ ਕੀਰਤਨ ਦੀ ਕਬੀਰ ਬਾਣੀ ਦੀ ਕੀਰਤਨ ਸੀ.ਡੀ. ਵੀ ਪ੍ਰਾਪਤ ਹੋਈ। ਇਸ ਸੀ.ਡੀ. ਵਿਚ ਜੋ ਆਪ ਨੇ ਸ਼ਬਦ ਗਾਇਨ ਕੀਤਾ ਹੈ, ਕਮਾਲ ਦਾ ਹੈ। ਬਸੰਤ ਰਾਗ ਬੜੇ ਰੂਹ ਨਾਲ ਗਾਇਆ ਹੈ।

**ਮੰਗਤ ਸਿੰਘ ਮਸਤਾਨਾ, ਪੋਸਟ ਬਾਕਸ ਨੰ: 7, ਮਲੌਟ, ਜ਼ਿਲ੍ਹਾ ਮੁਕਤਸਰ, ਮੋਬਾਇਲ : 9463782514**

ਫਰਵਰੀ ਅੰਕ ਵਿਚ ਆਪ ਦਾ ਸੰਪਾਦਕੀ 'ਕੁਝ ਪੜ੍ਹਿਆ ਕੁਝ ਸੁਣਿਆ' ਅਗਵਾਈ ਭਰਪੂਰ ਹੈ।

**ਪ੍ਰੋ: ਐੱਮ. ਐੱਸ. ਸਚਦੇਵਾ, ਇੰਡੀਅਨ ਮਿਊਜ਼ਿਕ ਅਕੈਡਮੀ, ਮਾਰਫਤ ਬਲਜਿੰਦਰ ਸਿੰਘ (ਦਾਨੇ ਦੀ ਚੱਕੀ),**
**ਨੇੜੇ ਗੁ: ਭਾਈ ਜਗਤਾ ਜੀ, ਜੀ. ਟੀ. ਰੋਡ, ਮਲੋਟ**

ਸ: ਨਰਿੰਦਰਪਾਲ ਸਿੰਘ ਦੇ ਲੇਖ ਵਿਚ ਦੱਖਣੀ ਰਾਗਾਂ ਬਾਰੇ ਦਿੱਤੀ ਜਾਣਕਾਰੀ ਨਿਵੇਕਲੀ ਹੈ।

**ਸੰਤ ਮੁਕੰਦ ਸਿੰਘ**



## ਕਰਉ ਬੇਨੰਤੀਆ

# ਆਪੇ ਬੀਜਿ ਆਪੇ ਹੀ ਖਾਹੁ

ਗੁਰਬਾਣੀ ਨੂੰ ਸਮਝਣ ਦੇ ਮੇਰੇ ਯਤਨਾਂ ਵਿਚ ਇਕ ਇਹ ਵੀ ਗੱਲ ਸਾਹਮਣੇ ਆਈ ਹੈ ਕਿ ਗੁਰਬਾਣੀ ਸਾਨੂੰ ਵਰਤਮਾਨ ਅਤੇ ਭਵਿੱਖ ਬਾਰੇ ਅਗਵਾਈ ਦਿੰਦੀ ਹੈ। ਭੂਤਕਾਲ ਵਿਚ ਵਾਪਰੀਆਂ ਘਟਨਾਵਾਂ ਬਾਰੇ ਉਨਾਂ ਕੁ ਹੀ ਸੋਚਣਾ ਜਾਂ ਜਾਣਨਾ ਚਾਹੀਦਾ ਹੈ ਜਿੰਨਾ ਕਿ ਸਾਨੂੰ ਵਰਤਮਾਨ ਤੇ ਭਵਿੱਖ ਵਿਚ ਸਹਾਇਕ ਹੋ ਸਕੇ।ਵੇਖਣ ਵਿਚ ਆਇਆ ਹੈ ਕਿ ਅੱਜ ਕੱਲ੍ਹ ਇਤਿਹਾਸ ਪੜ੍ਹਨ ਪੜਾਉਣ ਅਤੇ ਇਤਿਹਾਸ ਬਾਰੇ ਖੋਜਾਂ ਕਰਨ, ਇਤਿਹਾਸ ਨੂੰ ਸੋਧਣ ਉੱਪਰ ਬੜਾ ਸਮਾਂ ਅਤੇ ਸਾਧਨ ਖਰਚ ਕੀਤੇ ਜਾ ਰਹੇ ਹਨ। ਜਦੋਂ ਕਿ ਭੂਤਕਾਲ ਨੂੰ ਅਸੀਂ ਹੁਣ ਬਦਲ ਨਹੀਂ ਸਕਦੇ। ਸਿਆਣੇ ਕਾਰ ਚਲਾਉਣ ਦੀ ਮਿਸਾਲ ਦਿੰਦੇ ਹਨ ਕਿ ਭੂਤਕਾਲ ਬਾਰੇ ਉਨਾ ਹੀ ਸੋਚਣਾ ਚਾਹੀਦਾ ਹੈ ਜਿੰਨਾ ਕਿ ਕਾਰ ਚਲਾਉਣ ਲਈ ਪਿੱਛੇ ਵੇਖਣ ਵਾਲਾ ਸ਼ੀਸ਼ਾ ਲੱਗਾ ਹੁੰਦਾ ਹੈ। ਜੇ ਧਿਆਨ ਨਾਲ ਦੇਖੀਏ ਤਾਂ ਅੱਗੇ ਦੇਖਣ ਵਾਲਾ ਸ਼ੀਸ਼ਾ ਬਹੁਤ ਵੱਡਾ ਅਤੇ ਸਾਫ਼ ਚਾਹੀਦਾ ਹੈ ਪਰ ਪਿੱਛੇ ਵੇਖਣ ਵਾਲੇ ਸ਼ੀਸ਼ੇ ਦੀ ਥੋੜ੍ਹੀ ਲੋੜ ਹੁੰਦੀ ਹੈ।

ਗੁਰਬਾਣੀ ਵਿਚ ਕਿਰਸਾਨੀ ਖੇਤਰ ਵਿਚੋਂ ਮਿਸਾਲਾਂ ਦਿੰਦਿਆਂ ਬੀਜਣ ਅਤੇ ਫਸਲ ਪ੍ਰਾਪਤ ਕਰਨ ਦੀਆਂ ਬਹੁਤ ਉਦਾਹਰਨਾਂ ਦਿੱਤੀਆਂ ਗਈਆਂ ਹਨ। ਇਥੇ ਵਰਤਮਾਨ ਨੂੰ ਬੀਜਣ ਲਈ ਢੁੱਕਵਾਂ ਸਮਾਂ ਅਤੇ ਮਨੁੱਖੀ ਮਨ ਨੂੰ ਬੜੀ ਜ਼ਰਖੇਜ਼ ਜ਼ਮੀਨ ਦੱਸਿਆ ਗਿਆ ਹੈ। ਨਾਮ ਜਾਂ ਸ਼ਬਦ ਬੀਜ ਹੈ। ਜੇ ਇਸ ਤਰੀਕੇ ਨਾਲ ਗੁਰਬਾਣੀ ਦੀਆਂ ਇਹਨਾਂ ਤੁਕਾਂ ਨੂੰ ਸਮਝਣ ਦਾ ਯਤਨ ਕਰਾਂਗੇ ਤਾਂ ਸ਼ਾਇਦ ਵਧੇਰੇ ਸਾਰਥਕ ਹੋਵੇਗਾ:

ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ ॥

ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ ॥

ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ ॥

ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ ॥

ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ ॥

ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ ॥

ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ ਜਿਨੀ ਸਤਿਗੁਰੁ ਪੁਰਖੁ ਧਿਆਇਆ ॥

ਜਨ ਨਾਨਕ ਨਾਮੁ ਅਰਾਧਿਆ ਆਪਿ ਤਰਿਆ ਸਭੁ ਜਗਤੁ ਤਰਾਇਆ ॥੧॥

ਅੰਗ ੪੯੮

ਸਲੋਕੁ ਮਃ ੧ ॥

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥

ਅਬ ਕਲੂ ਆਇਓ ਰੇ ॥

ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ ॥

ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ ॥੨॥

ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ ॥

ਜੈਸਾ ਕਰੇ ਸੁ ਤੈਸਾ ਪਾਵੈ ॥
ਆਪਿ ਬੀਜਿ ਆਪੇ ਹੀ ਖਾਵੈ ॥

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥

ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥

ਕਾਮਿ ਨ ਆਵੈ ਸੁ ਕਾਰ ਕਮਾਵੈ ॥

ਆਪਿ ਬੀਜਿ ਆਪੇ ਹੀ ਖਾਵੈ ॥

ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥

ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥

ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥

ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥

ਇਹ ਵਿਸ਼ਾ ਬੜੇ ਵਿਸਥਾਰ ਦੀ ਮੰਗ ਕਰਦਾ ਹੈ। ਆਸ ਹੈ ਕੋਈ ਵਿਦਵਾਨ ਪਾਠਕ ਇਸ ਬਾਰੇ ਵਡੇਰਾ ਲੇਖ ਲਿਖੇਗਾ।

ਭੁੱਲ ਚੁੱਕ ਖਿਮਾ!


Form IV Statement of Ownership (See Rule 9)

| | | |
|---|---|---|
| Place | : | 422, Sector 15-A, Chandigarh |
| Periodicity of Publication | : | Monthly |
| Editor, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Sd/

Date: February 28, 2015

Dr. Jagir Singh, Publisher

# ਗੁਰਮਤਿ ਸੰਗੀਤ ਵਿਚ ਰਾਗ ਸੂਹੀ

ਡਾ. ਗੁਰਨਾਮ ਸਿੰਘ

ਸੂਹੀ ਗੁਰਮਤਿ ਸੰਗੀਤ ਦਾ ਪ੍ਰਮੁੱਖ ਤੇ ਮਹੱਤਵਪੂਰਨ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੀ ਤਰਤੀਬ ਵਿਚ ਇਹ ਰਾਗ ਪੰਦਰਵੇਂ ਸਥਾਨ ਪੰਨਾ 728 'ਤੇ ਆਉਂਦਾ ਹੈ। ਭਾਰਤੀ ਸੰਗੀਤ ਦੇ ਅੰਤਰਗਤ ਰਾਗ ਸੂਹੀ ਇਕ ਅਪ੍ਰਚਲਿਤ ਰਾਗ ਹੈ ਜਿਸ ਦਾ ਵਰਨਣ ਭਾਰਤੀ ਸੰਗੀਤ ਗ੍ਰੰਥਾਂ ਵਿਚ ਉਪਲਬੱਧ ਨਹੀਂ ਹੈ। ਸ਼ਬਦ ਕੀਰਤਨ ਵਿਚ ਇਸ ਦਾ ਪ੍ਰਯੋਗ ਬਾਣੀ ਦੇ ਲੋਕ ਗਾਇਨ ਰੂਪਾਂ ਲਈ ਵਿਸ਼ੇਸ਼ ਰੂਪ ਵਿਚ ਕੀਤਾ ਗਿਆ ਹੈ। ਸਿੱਖ ਧਰਮ ਦੀਆਂ ਰਹੁ ਰੀਤਾਂ ਵਿਚ ਅਨੰਦ ਕਾਰਜ ਦੀ ਰਸਮ ਸਮੇਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਚਾਰ ਲਾਵਾਂ ਰਾਗ ਦਾ ਗਾਇਨ ਇਸੇ ਰਾਗ ਦੇ ਅੰਤਰਗਤ ਹੁੰਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਦੋ ਮਹੱਤਵਪੂਰਨ ਬਾਣੀ ਰਚਨਾਵਾਂ 'ਕੁਚਜੀ' ਅਤੇ 'ਸੁਚਜੀ' ਦੇ ਸਿਰਲੇਖ ਅਧੀਨ ਪੰਨਾ 762 'ਤੇ ਇਸੇ ਰਾਗ ਅਧੀਨ ਦਰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਦੇ ਅੰਤਰਗਤ ਰਾਗ ਸੂਹੀ ਕਾਫ਼ੀ ਅਤੇ ਸੂਹੀ ਲਲਿਤ ਨਾਮਕ ਦੋ ਹੋਰ ਮੌਲਿਕ ਤੇ ਵੱਖਰੇ ਰਾਗ ਪ੍ਰਾਪਤ ਹੁੰਦੇ ਹਨ। ਰਾਗ ਸੂਹੀ ਕਾਫ਼ੀ ਦੇ ਅੰਤਰਗਤ ਗੁਰੂ ਨਾਨਕ ਦੇਵ ਅਤੇ ਗੁਰੂ ਅਰਜਨ ਦੇਵ ਦੀ ਬਾਣੀ ਦਰਜ ਹੈ ਜਦੋਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸੂਹੀ ਲਲਿਤ ਅਧੀਨ ਤਿੰਨ ਸ਼ਬਦ ਦਰਜ ਹਨ।

ਸੂਹੀ ਰਾਗ ਦੇ ਅੰਤਰਗਤ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਦਰਜ ਹੈ ਜਿਸ ਦੇ ਅੰਤਰਗਤ ਇਸ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ: ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌਂ ਪਦੇ, ਦੋ ਅਸਟਪਦੀਆਂ, ਕੁਚਜੀ, ਸੁਚਜੀ; ਸ੍ਰੀ ਗੁਰੂ ਅਮਰਦਾਸ ਜੀ ਦੀਆਂ ਚਾਰ ਅਸਟਪਦੀਆਂ, ਸੱਤ ਛੰਤ ਤੇ ਵਾਰ; ਸ੍ਰੀ ਗੁਰੂ ਰਾਮਦਾਸ ਜੀ ਦੇ ਪੰਦਰਾਂ ਪਦੇ, ਦੋ ਅਸਟਪਦੀਆਂ, ਛੇ ਛੰਤ; ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਠਵੰਜਾ ਪਦੇ, ਪੰਜ ਅਸਟਪਦੀਆਂ, ਗਿਆਰਾਂ ਛੰਤ ਅਤੇ ਭਗਤ ਕਬੀਰ ਦੇ ਚਾਰ, ਭਗਤ ਰਵਿਦਾਸ ਦੇ ਤਿੰਨ, ਬਾਬਾ ਸ਼ੇਖ ਫਰੀਦ ਜੀ ਦਾ ਇਕ ਸ਼ਬਦ ਇਸ ਰਾਗ ਦੇ ਅੰਤਰਗਤ ਦਰਜ ਹੈ।

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਦਿਨ ਦੇ ਤੀਜੇ ਪਹਿਰ ਚਰਨ ਕਮਲ ਦੀ ਚੌਕੀ ਦਾ ਪ੍ਰਾਰੰਭ ਹੁੰਦਾ ਹੈ ਅਤੇ ਚਰਨ ਕਮਲ ਦੀਆਂ ਤਿੰਨ ਕੀਰਤਨ ਚੌਕੀਆਂ ਤੀਸਰੇ ਪਹਿਰ ਦੇ ਰਾਗਾਂ ਵਿਚ ਸ਼ਬਦ ਕੀਰਤਨ ਦੇ ਗਾਇਨ ਦੁਆਰਾ ਲਗਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਰਾਗ ਸੂਹੀ ਦਾ ਪ੍ਰਯੋਗ ਵਿਸ਼ੇਸ਼ ਹੈ। ਸਿੱਖ ਰਹੁਰੀਤਾਂ ਅਨੁਸਾਰ ਲੜਕੇ ਅਤੇ ਲੜਕੀ ਦੇ ਅਨੰਦ ਕਾਰਜ ਦੀ ਰਸਮ ਵੇਲੇ ਰਾਗੀ ਸਾਹਿਬਾਨ ਦੁਆਰਾ ਰਾਗ ਸੂਹੀ ਵਿਚ ਚਾਰ ਲਾਵਾਂ ਅਤੇ ਵਿਭਿੰਨ ਅਨੰਦ ਮੰਗਲ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ।

ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥਾਂ ਵਿਚ ਇਸ ਰਾਗ ਦਾ ਉਲੇਖ ਪ੍ਰਾਪਤ ਨਹੀਂ ਹੁੰਦਾ। ਭਾਰਤੀ ਸੰਗੀਤ ਦੇ ਕੁਝ ਵਿਦਵਾਨ ਰਾਗ ਸੂਹਾ ਨੂੰ ਹੀ ਰਾਗ ਸੂਹੀ ਕਹਿੰਦੇ ਹਨ। ਗੁਰਮਤਿ ਸੰਗੀਤ ਪਰੰਪਰਾ ਵਿਚ ਰਾਗ ਸੂਹੀ ਹਿੰਦੁਸਤਾਨੀ ਸੰਗੀਤ ਵਿਚ ਪ੍ਰਚਲਿਤ ਰਾਗ ਸੂਹਾ ਤੋਂ ਭਿੰਨ ਮੰਨਿਆ ਜਾਂਦਾ ਹੈ। ਭਾਰਤੀ ਸੰਗੀਤ ਵਿਚ ਸੂਹੀ ਇਕ ਅਪ੍ਰਚਲਿਤ ਰਾਗ ਹੈ।

ਭਾਈ ਕਾਨ੍ਹ ਸਿੰਘ ਨਾਭਾ ਆਪਣੇ ਗ੍ਰੰਥ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਸੂਹੀ ਇਕ ਰਾਗਣੀ ਹੈ ਜਿਸ ਨੂੰ ਸੂਹਾ ਭੀ ਆਖਦੇ ਹਨ। ਇਹ ਕਾਫੀ ਠਾਠ ਦੀ ਸ਼ਾੜਵ ਰਾਗਿਣੀ ਹੈ। ਇਸ ਵਿਚ ਧੈਵਤ ਵਰਜਿਤ ਹੈ। ਗੰਧਾਰ, ਨਿਸ਼ਾਦ ਕੋਮਲ ਤੇ ਬਾਕੀ ਸੁਰ ਸ਼ੁੱਧ ਹਨ। ਵਾਦੀ ਮਧਿਅਮ ਤੇ ਸੰਵਾਦੀ ਸ਼ੜਜ ਹੈ। ਗਾਉਣ ਦਾ ਸਮਾਂ ਦੋ ਘੜੀ ਦਿਨ ਚੜ੍ਹੇ ਹੈ। ਇਸ ਵਿਆਖਿਆ ਤੋਂ ਉਪਰੰਤ ਉਨ੍ਹਾਂ ਨੇ ਆਰੋਹ ਅਵਰੋਹ ਇੰਜ ਬਿਆਨ ਕੀਤਾ ਹੈ: ਆਰੋਹ : ਸ਼ੜਜ ਰਿਸ਼ਭ ਗੰਧਾਰ

(ਕੋਮਲ) ਮਧਿਅਮ ਪੰਚਮ ਨਿਸ਼ਾਦ (ਕੋਮਲ) ਸ਼ੜਜ (ਤਾਰ ਸਪਤਕ), ਅਵਰੋਹ: ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਮਧਿਅਮ ਪੰਚਮ, ਗ (ਕੋਮਲ) ਰਿਸ਼ਭ ਸ਼ੜਜ।

ਸੂਹੀ ਰਾਗ (ਥਾਟ ਕਾਫੀ) ਦਾ ਇਕ ਹੋਰ ਸਰੂਪ ਵੀ ਪ੍ਰਚਾਰ ਵਿਚ ਹੈ ਜਿਸ ਵਿਚ ਇਸ ਦੀ ਜਾਤੀ ਔੜਵ-ਸ਼ਾੜਵ ਹੈ, ਵਾਦੀ ਮਧਿਅਮ, ਸੰਵਾਦੀ ਸ਼ੜਜ ਹੈ। ਸਮਾਂ ਦਿਨ ਦਾ ਦੂਜਾ ਪਹਿਰ ਹੈ। ਸੁਰ ਗੰਧਾਰ, ਨਿਸ਼ਾਦ ਕੋਮਲ, ਵਰਜਿਤ ਸੁਰ ਧੈਵਤ, ਆਰੋਹ ਵਿਚ ਰਿਸ਼ਭ ਦਾ ਅਲਪ ਪ੍ਰਯੋਗ ਹੁੰਦਾ ਹੈ। ਇਸ ਦੇ ਸੁਰ ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ ਸ਼ੜਜ (ਤਾਰ ਸਪਤਕ), ਨਿਸ਼ਾਦ (ਕੋਮਲ) ਪੰਚਮ ਮਧਿਅਮ ਪੰਚਮ ਇਕ ਮਾਤਰਾ ਵਿਚ ਮਧਿਅਮ ਗੰਧਾਰ (ਕੋਮਲ) ਮਧਿਅਮ, ਰਿਸ਼ਭ ਸ਼ੜਜ।

ਗੁਰਮਤਿ ਸੰਗੀਤ ਆਚਾਰੀਆ ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ, ਗਿਆਨ ਸਿੰਘ ਐਬਟਾਬਾਦ, ਡਾ. ਗੁਰਨਾਮ ਸਿੰਘ, ਡਾ. ਜੀ.ਐਸ.ਮਨਸੁਖਾਨੀ, ਰਾਗ ਨਿਰਣਾਇਕ ਕਮੇਟੀ ਨੇ ਸੂਹੀ ਦਾ ਸਰੂਪ ਇਸ ਤਰ੍ਹਾਂ ਪ੍ਰਵਾਨ ਕੀਤਾ ਹੈ। ਰਾਗ ਸੂਹੀ ਬਿਲਾਵਲ ਥਾਟ ਤੋਂ ਉਤਪੰਨ ਰਾਗ ਹੈ, ਇਸ ਦੀ ਜਾਤੀ ਸੰਪੂਰਨ ਹੈ। ਇਸ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਦਾ ਵਾਦੀ ਸੁਰ ਪੰਚਮ, ਸੰਵਾਦੀ ਸੁਰ ਸ਼ੜਜ ਹੈ। ਆਰੋਹ : ਸ਼ੜਜ ਰਿਸ਼ਭ ਗੰਧਾਰ ਮਧਿਅਮ ਪੰਚਮ, ਨਿਸ਼ਾਦ ਧੈਵਤ ਨਿਸ਼ਾਦ ਸ਼ੜਜ ; ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਧੈਵਤ ਪੰਚਮ, ਮਧਿਅਮ ਗੰਧਾਰ, ਰਿਸ਼ਭ ਗੰਧਾਰ ਰਿਸ਼ਭ ਸ਼ੜਜ; ਮੁੱਖ ਅੰਗ : ਸ਼ੜਜ ਨਿਸ਼ਾਦ (ਮੰਦਰ ਸਪਤਕ) ਪੰਚਮ, ਮਧਿਅਮ ਗੰਧਾਰ ਰਿਸ਼ਭ ਗੰਧਾਰ, ਮਧਿਅਮ ਗੰਧਾਰ ਰਿਸ਼ਭ ਸ਼ੜਜ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਦੇ ਰਾਗ ਪ੍ਰਬੰਧ ਵਿਚ ਰਾਗ ਸੂਹੀ ਦੇ ਅਧੀਨ ਰਾਗ ਸੂਹੀ ਤੇ ਰਾਗ ਕਾਫੀ ਦੇ ਸੁਮੇਲ ਤੋਂ ਉਤਪੰਨ ਰਾਗ ਸੂਹੀ ਕਾਫ਼ੀ ਪੰਨਾ 751 ਉਪਰ ਅੰਕਿਤ ਹੈ। ਰਾਗ ਸੂਹੀ ਵਾਂਗ ਹੀ ਰਾਗ ਸੂਹੀ ਕਾਫ਼ੀ ਵੀ ਇਕ ਅਪ੍ਰਚਲਿਤ ਰਾਗ ਹੈ। ਜਿਸ ਦਾ ਉਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਭਾਰਤੀ ਸੰਗੀਤ ਦੇ ਹੋਰ ਕਿਸੇ ਗ੍ਰੰਥ ਵਿਚ ਨਹੀਂ ਮਿਲਦਾ। ਇਸ ਰਾਗ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪਦੇ ਅਤੇ ਅਸ਼ਟਪਦੀ ਸ਼ੈਲੀ ਵਿਚ ਅੰਕਿਤ ਹੈ।

ਸੂਹੀ ਰਾਗ ਦੇ ਤਿੰਨ ਸਰੂਪ ਪ੍ਰਚਾਰ ਵਿਚ ਹਨ, ਜੋ ਨਿਮਨਲਿਖਤ ਹਨ:

1. ਰਾਗ ਸੂਹੀ ਕਾਫ਼ੀ ਦਾ ਪਹਿਲਾ ਸਰੂਪ ਥਾਟ ਕਾਫ਼ੀ ਦੇ ਅਧੀਨ ਮੰਨਿਆ ਜਾਂਦਾ ਹੈ। ਇਸ ਰਾਗ ਵਿਚ ਗੰਧਾਰ ਅਤੇ ਨਿਸ਼ਾਦ ਕੋਮਲ ਅਤੇ ਬਾਕੀ ਸੁਰ ਸ਼ੁੱਧ ਪ੍ਰਯੋਗ ਕੀਤੇ ਜਾਂਦੇ ਹਨ। ਧੈਵਤ ਸੁਰ ਵਰਜਿਤ ਹੈ। ਜਾਤੀ ਸ਼ਾੜਵ ਮੰਨੀ ਗਈ ਹੈ। ਵਾਦੀ ਮਧਿਅਮ ਅਤੇ ਸੰਵਾਦੀ ਸ਼ੜਜ ਹੈ। ਗਾਇਨ ਸਮਾਂ ਦਿਨ ਦਾ ਦੂਸਰਾ ਪਹਿਰ ਹੈ। ਆਰੋਹ : ਸ਼ੜਜ ਰਿਸ਼ਭ ਗੰਧਾਰ (ਕੋਮਲ) ਮਧਿਅਮ, ਪੰਚਮ ਨਿਸ਼ਾਦ (ਕੋਮਲ) ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਪੰਚਮ ਮਧਿਅਮ ਗੰਧਾਰ (ਕੋਮਲ) ਰਿਸ਼ਭ ਸ਼ੜਜ; ਮੁੱਖ ਅੰਗ : ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ ਗੰਧਾਰ (ਕੋਮਲ), ਰਿਸ਼ਭ ਸ਼ੜਜ।

2. ਇਸ ਰਾਗ ਸਰੂਪ ਦਾ ਥਾਟ ਕਾਫ਼ੀ ਹੈ। ਸੁਰ ਗੰਧਾਰ ਨਿਸ਼ਾਦ ਕੋਮਲ ਅਤੇ ਬਾਕੀ ਸ਼ੁੱਧ ਹਨ। ਆਰੋਹ ਵਿਚ ਧੈਵਤ ਵਰਜਿਤ ਹੈ। ਜਾਤੀ ਸ਼ਾੜਜ ਸੰਪੂਰਨ ਹੈ। ਇਸ ਦਾ ਵਾਦੀ ਸੁਰ ਮਧਿਅਮ ਤੇ ਸੰਵਾਦੀ ਸੁਰ ਸ਼ੜਜ ਹੈ। ਇਸ ਰਾਗ ਨੂੰ ਦਿਨ ਦੇ ਦੂਸਰੇ ਪਹਿਰ ਗਾਇਨ ਕੀਤਾ ਜਾਂਦਾ ਹੈ। ਆਰੋਹ : ਸ਼ੜਜ ਰਿਸ਼ਭ ਗੰਧਾਰ (ਕੋਮਲ), ਮਧਿਅਮ ਪੰਚਮ ਨਿਸ਼ਾਦ (ਕੋਮਲ) ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਧੈਵਤ ਪੰਚਮ, ਮਧਿਅਮ ਗੰਧਾਰ (ਕੋਮਲ), ਰਿਸ਼ਭ ਸ਼ੜਜ।

3. ਰਾਗ ਨਿਰਣਾਇਕ ਕਮੇਟੀ ਨੇ ਇਸ ਰਾਗ ਦਾ ਨਿਮਨਲਿਖਤ ਸਰੂਪ ਪ੍ਰਵਾਨਿਆ ਹੈ:

ਰਾਗ ਸੂਹੀ ਕਾਫ਼ੀ ਨੂੰ ਥਾਟ ਕਾਫ਼ੀ ਦੇ ਅੰਤਰਗਤ ਮੰਨਿਆ ਜਾਂਦਾ ਹੈ। ਇਸ ਰਾਗ ਵਿਚ ਦੋਵੇਂ ਗੰਧਾਰ ਅਤੇ ਦੋਵੇਂ

ਨਿਸ਼ਾਦ ਪ੍ਰਯੋਗ ਕੀਤੇ ਜਾਂਦੇ ਹਨ। ਵਰਜਿਤ ਸੁਰ ਕੋਈ ਨਹੀਂ ਹੈ। ਜਾਤੀ ਸੰਪੂਰਨ-ਸੰਪੂਰਨ ਹੈ। ਵਾਦੀ ਸੁਰ ਪੰਚਮ ਤੇ ਸੰਵਾਦੀ ਸੁਰ ਸ਼ੜਜ ਹੈ। ਇਸ ਰਾਗ ਨੂੰ ਦਿਨ ਦੇ ਦੂਸਰੇ ਪਹਿਰ ਵਿਚ ਗਾਇਨ ਕੀਤਾ ਜਾਂਦਾ ਹੈ। ਆਰੋਹ : ਸ਼ੜਜ ਰਿਸ਼ਭ ਗੰਧਾਰ ਮਧਿਅਮ ਪੰਚਮ, ਨਿਸ਼ਾਦ ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ (ਕੋਮਲ) ਧੈੜਤ ਪੰਚਮ, ਮਧਿਅਮ ਪੰਚਮ ਗੰਧਾਰ (ਕੋਮਲ) – ਰਿਸ਼ਭ ਸ਼ੜਜ; ਮੁੱਖ ਅੰਗ : ਸ਼ੜਜ ਰਿਸ਼ਭ ਗੰਧਾਰ ਮਧਿਅਮ ਪੰਚਮ, ਮਧਿਅਮ ਪੰਚਮ ਗੰਧਾਰ (ਕੋਮਲ) – ਰਿਸ਼ਭ, ਸ਼ੜਜ।

ਸੂਹੀ ਕਾਫ਼ੀ ਤੋਂ ਇਲਾਵਾ ਸੂਹੀ ਤੇ ਲਲਿਤ ਦੇ ਸੁਰਾਤਮਕ ਸੁਮੇਲ ਤੋਂ ਇਕ ਹੋਰ ਰਾਗ ਸੂਹੀ ਲਲਿਤ ਅਧੀਨ ਭਗਤ ਕਬੀਰ ਅਤੇ ਸ਼ੇਖ ਫਰੀਦ ਦੀ ਬਾਣੀ ਦਰਜ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਤਿੰਨ ਵੱਖ-ਵੱਖ ਸਿਰਲੇਖਾਂ ਤਹਿਤ ਸੂਹੀ ਲਲਿਤ ਪ੍ਰਾਪਤ ਹੁੰਦਾ ਹੈ। 'ਸੂਹੀ ਲਲਿਤ ਕਬੀਰ ਜੀਉ', 'ਸੂਹੀ ਕਬੀਰ ਜੀਉ ਲਲਿਤ', 'ਸੂਹੀ ਲਲਿਤ ਸ਼ੇਖ ਫਰੀਦ'। ਗੁਰਮਤਿ ਸੰਗੀਤ ਦੇ ਵਿਦਵਾਨਾਂ ਨੇ ਉਕਤ ਵੱਖ-ਵੱਖ ਸਿਰਲੇਖਾਂ ਨੂੰ ਆਪੋ-ਆਪਣੇ ਦ੍ਰਿਸ਼ਟੀਕੋਣ ਤੋਂ ਦੇਖਦਿਆਂ 'ਸੂਹੀ ਲਲਿਤ ਕਬੀਰ ਜੀਉ' ਸਿਰਲੇਖ ਤੋਂ ਇਸ ਰਾਗ ਨੂੰ ਸੂਹੀ ਰਾਗ ਦੇ ਪ੍ਰਵਾਹ ਅਧੀਨ ਲਲਿਤ ਨੂੰ ਸੁਤੰਤਰ ਰਾਗ ਵਜੋਂ ਪ੍ਰਵਾਨਿਤ ਕੀਤਾ ਹੈ। ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ 'ਤੇ ਲਲਿਤ ਰਾਗ ਦੇ ਅੰਤਰਗਤ ਸੂਹੀ ਲਲਿਤ ਨੂੰ ਇਕ ਰਾਗ ਵਜੋਂ ਸਵੀਕਾਰਿਆ ਗਿਆ ਹੈ। ਪਰੰਤੂ ਵਿਦਵਾਨਾਂ ਵਿਚ ਇਸ ਨੂੰ ਸੁਤੰਤਰ ਰਾਗ ਮੰਨਣ ਸਬੰਧੀ ਕਾਫੀ ਮਤਭੇਦ ਪਾਏ ਜਾਂਦੇ ਹਨ।ਇਕ ਮੱਤ ਅਨੁਸਾਰ ਸੂਹੀ ਲਲਿਤ ਨੂੰ ਸੂਹੀ ਦੇ ਇਕ ਪ੍ਰਕਾਰ ਵਜੋਂ ਅੰਕਿਤ ਕੀਤਾ ਗਿਆ ਹੈ ਅਤੇ ਦੂਸਰੇ ਮੱਤ ਅਨੁਸਾਰ ਰਾਗ ਸੂਹੀ ਅਧੀਨ ਲਲਿਤ ਨੂੰ ਸੁਤੰਤਰ ਰਾਗ ਵਜੋਂ ਅੰਕਿਤ ਕੀਤਾ ਗਿਆ ਹੈ। ਉਪਰੋਕਤ ਦੇ ਸੰਦਰਭ ਵਿਚ ਵੇਖੀਏ ਤਾਂ ਸੂਹੀ ਲਲਿਤ ਰਾਗ ਗੁਰਮਤਿ ਸੰਗੀਤ ਦਾ ਮੌਲਿਕ ਰਾਗ ਹੈ। ਸਮਕਾਲੀ ਗੁਰਮਤਿ ਸੰਗੀਤ ਵਿਚ ਇਸ ਰਾਗ ਦੇ ਦੋ ਸਰੂਪ ਗੁਰਮਤਿ ਸੰਗੀਤ ਆਚਾਰੀਆਂ ਅਤੇ ਸਿੱਖ ਕੀਰਤਨੀਆਂ ਵਿਚ ਪ੍ਰਚਲਿਤ ਰਹੇ ਹਨ। ਪਹਿਲੇ ਸਰੂਪ ਅਧੀਨ ਇਸ ਦੀ ਜਾਤੀ ਸੰਪੂਰਨ-ਵਕਰ ਸ਼ਾੜਵ ਮੰਨੀ ਗਈ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸ਼ੜਜ ਮੰਨਿਆ ਗਿਆ ਹੈ। ਇਸ ਨੂੰ ਥਾਟ-ਉਪਥਾਟ ਪੱਧਤੀ ਅਧੀਨ ਪੂਰਵੀ ਬਿਲਾਵਲ ਉਪਥਾਟ ਦੇ ਅੰਤਰਗਤ ਰਖਿਆ ਗਿਆ ਹੈ। ਇਸ ਦਾ ਗਾਇਨ ਸਮਾਂ ਰਾਗ ਦਾ ਚੌਥਾ ਪਹਿਰ ਮੰਨਿਆ ਗਿਆ ਹੈ। ਇਸ ਦਾ ਸਰੂਪ ਸ਼ੜਜ ਨਿਸ਼ਾਦ ਗੰਧਾਰ, ਰਿਸ਼ਭ (ਕੋਮਲ) ਗੰਧਾਰ ਧੈਵਤ ਮਧਿਅਮ (ਤੀਵਰ) ਮਧਿਅਮ ਗੰਧਾਰ, ਰਿਸ਼ਭ (ਕੋਮਲ, ਤਾਰ ਸਪਤਕ) ਨਿਸ਼ਾਦ ਧੈਵਤ (ਕੋਮਲ) ਮਧਿਅਮ (ਤੀਵਰ) ਮਧਿਅਮ ਗੰਧਾਰ ਸੁਰਾਂ ਤੋਂ ਪ੍ਰਤੱਖ ਹੁੰਦਾ ਹੈ। ਦੂਸਰੇ ਸਰੂਪ ਅਧੀਨ ਇਸ ਰਾਗ ਦੀ ਜਾਤੀ ਸੰਪੂਰਨ-ਸ਼ਾੜਵ ਮੰਨੀ ਗਈ ਹੈ। ਇਸ ਦਾ ਵਾਦੀ ਸੁਰ ਮਧਿਅਮ ਅਤੇ ਸੰਵਾਦੀ ਸੁਰ ਸ਼ੜਜ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਦਾ ਸਰੂਪ ਪੰਚਮ ਨਿਸ਼ਾਦ ਧੈਵਤ, ਨਿਸ਼ਾਦ ਸ਼ੜਜ (ਤਾਰ ਸਪਤਕ) ਰਿਸ਼ਭ (ਤਾਰ ਸਪਤਕ) ਨਿਸ਼ਾਦ ਧੈਵਤ (ਕੋਮਲ) ਮਧਿਅਮ (ਤੀਵਰ) ਮਧਿਅਮ (ਸ਼ੁੱਧ) ਗੰਧਾਰ ਰਿਸ਼ਭ (ਕੋਮਲ) ਸ਼ੜਜ ਸਰਾਂ ਤੋਂ ਮੰਨਿਆ ਜਾਂਦਾ ਹੈ।

[…] ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ, […] ਪਟਿਆਲਾ

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਰਾਗੀ ਪ੍ਰੋ: ਚਤਰ ਸਿੰਘ

ਹਰਸਿਮਰਨ ਕੌਰ

ਸਿੱਖ ਕੌਮ ਦੀ ਅਵੱਲ ਕਾਰ-'ਕੀਰਤਨ' ਜਿਸ ਨੂੰ ਗੁਰਬਾਣੀ ਵਿਚ ਇਸ ਯੁੱਗ ਦੀ ਪ੍ਰਧਾਨਕਾਰ ਕਿਹਾ ਗਿਆ ਹੈ, ਦੇ ਖੇਤਰ ਵਿਚ 20ਵੀਂ ਸਦੀ ਵਿਚ ਵੀ ਕਈ ਪ੍ਰਸਿੱਧ ਰਾਗੀ ਜੱਥੇ ਹੋਏ ਹਨ, ਜਿਨ੍ਹਾਂ ਵਿਚੋਂ ਪ੍ਰੋ. ਚਤਰ ਸਿੰਘ (ਕਾਕਾ) 'ਲਾਹੌਰ ਵਾਲੇ' ਦੇ ਰਾਗੀ ਜੱਥੇ ਦੇ ਨਾਂ ਮੁੱਢਲੀ ਕਤਾਰ ਵਿਚ ਹੈ।

ਜਨਮ : ਪ੍ਰੋ. ਚਤਰ ਸਿੰਘ ਦਾ ਜਨਮ ਸੰਨ 1909 ਵਿਚ ਗਵਾਲ ਮੰਡੀ ਲਾਹੌਰ (ਪਾਕਿਸਤਾਨ) ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਮ ਸ. ਮੰਗਲ ਸਿੰਘ ਅਤੇ ਮਾਤਾ ਦਾ ਨਾਮ ਬਸੰਤ ਕੌਰ ਸੀ।ਘਰ ਵਿਚ ਹੀ ਗੁਰਬਾਣੀ ਸੰਗੀਤ ਦਾ ਪ੍ਰਵਾਹ ਹੋਣ ਕਾਰਨ ਆਪ ਨੂੰ ਬਚਪਨ ਵਿਚ ਹੀ ਤੰਤੀ ਸਾਜ਼ ਵਜਾਉਣਾ ਸ਼ੁਰੂ ਕਰ ਦਿੱਤਾ ਸੀ।ਆਪ ਦੇ ਚਾਚਾ ਸ੍ਰ. ਕਿਸ਼ਨ ਸਿੰਘ ਉਚ ਕੋਟੀ ਦੇ ਸਿਤਾਰ ਵਾਦਕ ਸਨ, ਇਸ ਲਈ ਪ੍ਰੋ. ਚਤਰ ਸਿੰਘ ਨੇ ਸਿਤਾਰ ਵਾਦਨ ਦੀ ਸਿਖਿਆ ਆਪਣੇ ਚਾਚਾ ਜੀ ਤੋਂ ਹੀ ਪ੍ਰਾਪਤੀ ਕੀਤੀ।ਪ੍ਰੋ. ਚਤਰ ਸਿੰਘ ਬਚਪਨ ਤੋਂ ਹੀ ਆਪਣੇ ਪਿਤਾ ਜੀ ਨੂੰ ਸੁਣ ਕੇ ਪਿਤਾ ਜੀ ਦੇ ਨਾਲ ਦੀਵਾਨਾਂ ਵਿਚ ਸ਼ਬਦ ਪੜ੍ਹਨ ਲੱਗ ਪਏ ਸਨ। ਜਦੋਂ ਪਿਤਾ ਜੀ ਨਾਲ ਸ਼ਬਦ ਪੜ੍ਹਦੇ ਤਾਂ ਸੰਗਤਾਂ ਬਹੁਤ ਪ੍ਰਭਾਵਿਤ ਹੁੰਦੀਆਂ ਸਨ।ਹੌਲੀ-ਹੌਲੀ ਆਪ ਨੇ ਤੰਤੀ ਸਾਜ਼ ਖੁਦ ਵਜਾ ਕੇ ਕੀਰਤਨ ਗਾਇਨ ਕਰਨਾ ਆਰੰਭ ਕੀਤਾ ਜੋ ਕਿ ਕੀਰਤਨ ਸ਼ੈਲੀ ਵਿਚ ਇੱਕ ਨਵਾਂ ਕਦਮ ਸੀ।

ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਇੱਕ ਵਾਰ ਪ੍ਰੋ. ਚਤਰ ਸਿੰਘ ਆਪਣੇ ਜੱਥੇ ਨਾਲ ਪਟਿਆਲਾ ਆਏ।ਪਟਿਆਲਾ ਵਿਖੇ ਆ ਕੇ ਆਹਲੂਵਾਲੀਆ ਦੇ ਗੁਰਦੁਆਰੇ ਕੀਰਤਨ ਕੀਤਾ। ਜਿਸ ਸਮੇਂ ਕੀਰਤਨ ਕਰਦੇ ਸਨ ਤਾਂ ਤੰਤੀ ਸਾਜ਼ ਖ਼ੁਦ ਵਜਾਉਂਦੇ ਸਨ।ਸ਼ਬਦ ਪੜ੍ਹਦੇ-ਪੜ੍ਹਦੇ ਸਾਰੇ ਤੰਤੀ ਸਾਜ਼ਾਂ ਨੂੰ ਵਜਾਉਂਦੇ ਸਨ।ਆਪ ਦੇ ਕੀਰਤਨ ਕਰਨ ਦੀ ਚਰਚਾ ਸਾਰੇ ਪਟਿਆਲੇ ਸ਼ਹਿਰ ਵਿਖੇ ਹੋਣ ਲੱਗ ਪਈ।ਉਹਨਾਂ ਦਿਨਾਂ ਵਿਚ ਮਹਾਰਾਜਾ ਭੁਪਿੰਦਰ ਸਿੰਘ ਨੂੰ ਸੁਪਨੇ ਵਿਚ ਹੁਕਮ ਹੋਇਆ ਕਿ ਗੁਰਦੁਆਰਾ ਦੁਖਨਿਵਾਰਨ ਸਾਹਿਬ ਪਟਿਆਲਾ ਵਾਲਾ ਸਥਾਨ ਉਜਾਗਰ ਕੀਤਾ ਜਾਵੇ। ਉਸ ਸਮੇਂ ਗੁਰਦੁਆਰੇ ਦੇ ਸਥਾਨ ਤੇ ਕੱਚਾ ਸਰੋਵਰ ਅਤੇ ਬੋਹੜ ਦਾ ਦਰਖ਼ਤ ਸੀ।ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਇਸ ਸਥਾਨ ਤੇ ਨਿਸ਼ਾਨ ਸਾਹਿਬ ਲਗਾਉਣ ਅਤੇ ਕੀਰਤਨ ਕਰਾਉਣ ਦਾ ਹੁਕਮ ਹੋਇਆ।ਪੰਜ ਸਿੰਘਾਂ ਨੇ ਨਿਸ਼ਾਨ ਸਾਹਿਬ ਝੁਲਾਇਆ ਅਤੇ ਇਸ ਮੌਕੇ ਤੇ ਪ੍ਰੋ. ਚਤਰ ਸਿੰਘ ਨੇ ਕੀਰਤਨ ਕੀਤਾ।

ਸੰਨ 1939-40 ਵਿਚ ਬੰਬਈ ਵਿਖੇ ਕੀਰਤਨ ਕਰਨ ਲਈ ਗਏ। ਬੰਬਈ ਵਿਖੇ ਬੋਰੀ ਬੰਦਰ ਦੇ ਗੁਰਦੁਆਰੇ ਵਿਚ ਮਹਾਰਾਜਾ ਯਾਦਵਿੰਦਰ ਸਿੰਘ ਨੇ ਆਪ ਪਾਸੋਂ ਕੀਰਤਨ ਸਰਵਣ ਕੀਤਾ। ਕੀਰਤਨ ਸੁਣ ਕੇ ਮਹਾਰਾਜਾ ਯਾਦਵਿੰਦਰ ਸਿੰਘ ਬਹੁਤ ਪ੍ਰਭਾਵਿਤ ਹੋਏ।ਮਹਾਰਾਜਾ ਯਾਦਵਿੰਦਰ ਸਿੰਘ ਨੇ ਪ੍ਰੋ. ਚਤਰ ਸਿੰਘ ਨੂੰ ਕਿਹਾ ਕਿ ਜਿਸ ਸਮੇਂ ਪਟਿਆਲਾ ਆਓਗੇ ਤਾਂ ਸਾਨੂੰ ਕੀਰਤਨ ਜ਼ਰੂਰ ਸਰਵਣ ਕਰਾਉਣਾ।

1947 ਤੋਂ ਬਾਅਦ ਜਦੋਂ ਪ੍ਰੋ. ਚਤਰ ਸਿੰਘ ਪਟਿਆਲੇ ਆ ਕੇ ਵੱਸ ਗਏ ਤਾਂ ਮਹਾਰਾਜਾ ਯਾਦਵਿੰਦਰ ਸਿੰਘ ਨੇ

ਕੀਰਤਨ ਦੀ ਡਿਊਟੀ ਕਿਲਾ ਮੁਬਾਰਕ ਲਗਾ ਦਿੱਤੀ ਅਤੇ ਰਹਿਣ ਨੂੰ ਰਹਾਇਸ਼ ਢੱਕ ਬਜ਼ਾਰ ਦੇ ਦਿੱਤੀ।

ਮਹਾਰਾਜਾ ਯਾਦਵਿੰਦਰ ਸਿੰਘ ਪ੍ਰੋ. ਚਤਰ ਸਿੰਘ ਦੇ ਕੀਰਤਨ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੀ ਲੜਕੀ ਦੇ ਅਨੰਦ ਕਾਰਜ ਲਈ ਪ੍ਰੋ. ਸਾਹਿਬ ਨੂੰ ਕੀਰਤਨ ਕਰਨ ਲਈ ਬੇਨਤੀ ਕੀਤੀ। ਪ੍ਰੋ. ਚਤਰ ਸਿੰਘ ਨੇ ਬੇਨਤੀ ਕਬੂਲ ਕਰ ਲਈ ਅਤੇ ਮਹਾਰਾਜਾ ਯਾਦਵਿੰਦਰ ਸਿੰਘ ਦੀ ਲੜਕੀ ਦੇ ਅਨੰਦ ਕਾਰਜ ਪ੍ਰੋ. ਚਤਰ ਸਿੰਘ ਨੇ ਰਾਗ ਸੂਹੀ ਵਿਚ ਚਾਰ ਲਾਵਾਂ ਦਾ ਗਾਇਨ ਕੀਤਾ ਅਤੇ ਕੀਰਤਨ ਸਰਵਣ ਕਰਵਾਇਆ।

ਪ੍ਰੋ. ਚਤਰ ਸਿੰਘ ਕਿਲਾ ਮੁਬਾਰਕ ਕੀਰਤਨ ਕਰਦੇ ਸਨ, ਉਸ ਸਮੇਂ ਕਿਲੇ ਵਿਚ ਕਿਸੇ ਨੂੰ ਜਾਣ ਦੀ ਆਗਿਆ ਨਹੀਂ ਸੀ। ਸੰਗਤਾਂ ਨੇ ਮਹਾਰਾਜਾ ਯਾਦਵਿੰਦਰ ਸਿੰਘ ਨੂੰ ਬੇਨਤੀ ਕੀਤੀ ਕਿ ਅਸੀਂ ਵੀ ਪ੍ਰੋ. ਚਤਰ ਸਿੰਘ ਦਾ ਕੀਰਤਨ ਸਰਵਣ ਕਰਨਾ ਚਾਹੁੰਦੇ ਹਾਂ, ਮਹਾਰਾਜਾ ਨੇ ਬੇਨਤੀ ਸਵੀਕਾਰ ਕਰਕੇ ਪ੍ਰੋ. ਸਾਹਿਬ ਨੂੰ ਸ਼ਾਹੀ ਸਮਾਧਾਂ ਕੀਰਤਨ ਕਰਨ ਦੀ ਸੇਵਾ ਕਰਨ ਲਈ ਬੇਨਤੀ ਕੀਤੀ। ਇਥੇ ਪ੍ਰੋ. ਸਾਹਿਬ ਨੇ ਛੇ ਮਹੀਨੇ ਕੀਰਤਨ ਦੀ ਸੇਵਾ ਨਿਭਾਈ। ਇਸ ਤੋਂ ਬਾਅਦ ਪ੍ਰੋ. ਸਾਹਿਬ ਨੇ ਹਿੰਦੁਸਤਾਨ ਦੇ ਵੱਖ-ਵੱਖ ਥਾਵਾਂ ਗੁਰਮਤਿ ਸੰਗੀਤ ਦਾ ਪ੍ਰਚਾਰ ਕੀਤਾ। ਗੁਰਪੁਰਬ ਤੇ ਕੀਰਤਨ ਕਰਨ ਲਈ ਪ੍ਰੋ. ਚਤਰ ਸਿੰਘ ਨੂੰ ਵਿਸ਼ੇਸ਼ ਸੱਦਾ ਦੇ ਕੇ ਬੁਲਾਇਆ ਜਾਂਦਾ ਸੀ। ਪ੍ਰੋ. ਚਤਰ ਸਿੰਘ ਆਜ਼ਾਦੀ ਤੋਂ ਬਾਅਦ ਜਦੋਂ ਪਟਿਆਲਾ ਆਏ ਸਨ (1947) ਉਸ ਸਮੇਂ ਤੋਂ ਗੁਰਮਤਿ ਸੰਗੀਤ ਅਕਾਦਮੀ ਚੱਲ ਰਹੀ ਹੈ ਅਤੇ ਹੁਣ ਉਹਨਾਂ ਦੇ ਪੁੱਤਰ ਡਾ. ਜਬਰਜੰਗ ਸਿੰਘ ਚਲਾ ਰਹੇ ਹਨ। ਅਕਾਦਮੀ ਵਿਚ ਬਹੁਤ ਸਾਰੇ ਵਿਦਿਆਰਥੀ ਨਿਰਧਾਰਿਤ ਰਾਗਾਂ ਵਿਚ ਕੀਰਤਨ ਸਿਖਦੇ ਹਨ ਅਤੇ ਤੰਤੀ ਸਾਜ਼ਾਂ ਦੀ ਤਾਲੀਮ ਵੀ ਲੈ ਰਹੇ ਹਨ ਜਿਵੇਂ ਦਿਲਰੁਬਾ, ਸਿਤਾਰ ਆਦਿ। ਪ੍ਰੋ. ਚਤਰ ਸਿੰਘ ਦੇ ਘਰ ਹੁਣ ਤੱਕ ਪੁਰਾਣੇ ਤੰਤੀ ਸਾਜ਼ ਪਏ ਹਨ ਕਿਉਂਕਿ ਆਪ 22 ਤਰ੍ਹਾਂ ਦੇ ਤੰਤੀ ਸਾਜ਼ ਵਜਾਉਣਾ ਜਾਣਦੇ ਸਨ।

ਪ੍ਰੋ. ਚਤਰ ਸਿੰਘ ਕਈ ਸਾਲ ਪਟਿਆਲੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਪਟਿਆਲਾ ਕੀਰਤਨ ਕਰਦੇ ਰਹੇ ਉਸ ਸਮੇਂ ਗੁਰਦੁਆਰਾ ਕੱਚੀ ਉਸਾਰੀ ਦਾ ਸੀ। ਪ੍ਰੋ. ਚਤਰ ਸਿੰਘ ਜਿਸ ਸਮੇਂ ਮੁਕਤਸਰ ਕੀਰਤਨ ਕਰਦੇ ਸਨ ਤਾਂ ਭਾਈ ਬਖਸ਼ੀਸ਼ ਸਿੰਘ ਪਟਿਆਲਾ ਵਾਲੇ ਪਰਕਰਮਾ ਵਿਚ ਬੈਠ ਕੇ ਪ੍ਰੋ. ਸਾਹਿਬ ਦਾ ਕੀਰਤਨ ਸੁਣਿਆ ਕਰਦੇ ਸਨ। ਪ੍ਰੋ. ਚਤਰ ਸਿੰਘ ਦੇ ਜੱਥੇ ਨੂੰ ਕਾਕਾ ਲਾਹੌਰ ਵਾਲਾ ਅਤੇ ਭਾਈ ਸਮੁੰਦ ਸਿੰਘ ਦੇ ਜੱਥੇ ਨੂੰ ਕਾਕਾ ਸਮੁੰਦ ਸਿੰਘ ਦਾ ਜੱਥਾ ਕਹਿ ਕੇ ਬੁਲਾਇਆ ਜਾਂਦਾ ਸੀ। ਭਾਈ ਅਰਦਮਨ ਸਿੰਘ ਬਾਗੜੀਆਂ, ਪ੍ਰੋ. ਸਾਹਿਬ ਦਾ ਕੀਰਤਨ ਬਹੁਤ ਸ਼ੌਕ ਨਾਲ ਸੁਣਿਆ ਕਰਦੇ ਸਨ।

ਕੀਰਤਨ ਦੇ ਖੇਤਰ ਵਿਚ ਪ੍ਰੋ. ਸਾਹਿਬ ਦੀ ਪ੍ਰਸਿੱਧੀ ਬਹੁਤ ਹੋ ਰਹੀ ਸੀ। ਆਸਾ ਦੀ ਵਾਰ ਦਾ ਕੀਰਤਨ ਆਪ ਬੜੀ ਰਵਾਨਗੀ ਨਾਲ ਗਾਇਨ ਕਰਦੇ ਸਨ। ਨਿਰਧਾਰਤ ਧੁੰਨ 'ਟੁੰਡੇ ਅਸਰਾਜੇ ਕੀ ਧੁਨੀ ਆਪ ਵਿਸ਼ੇਸ਼ ਮੁਹਾਰਤ ਨਾਲ ਗਾਇਨ ਕਰਦੇ ਸਨ। ਨਿਰਧਾਰਤ ਰਾਗਾਂ ਵਿਚ ਆਪ ਦੀਆਂ ਕਈ ਸ਼ਬਦ ਧੁਨੀਆਂ ਵਿਸ਼ੇਸ਼ ਤੌਰ ਤੇ ਸਰਵਣ ਕੀਤੀਆਂ ਜਾਂਦੀਆਂ ਸਨ।

-ਸੋਰਠਿ ਰਾਗ ਵਿਖ :-"ਭਿੰਨੀ ਰੈਨੜੀਏ ਚਮਕਨ ਤਾਰੇ ਅਣਮੜਿਆ ਮੰਦਲ ਬਾਜੇ"

-ਮਲਾਰ ਰਾਗ :-"ਮੋਕਉ ਤੂ ਨਾ ਬਿਸਾਰ ਰਾਮਈਆ।"

-ਦੇਵਗੰਧਾਰੀ ਰਾਗ :-"ਜੇ ਤੂੰ ਮਿਤਰ ਅਸਾਡੜਾ।"

ਆਪ ਦੇ ਪ੍ਰਸਿੱਧ ਗਾਇਨ ਕੀਤੇ ਹੋਏ ਸ਼ਬਦ ਹਨ। ਪ੍ਰੋ. ਚਤਰ ਸਿੰਘ ਦੀਆਂ ਕਈ ਸ਼ਬਦ ਧੁਨੀਆਂ ਬਹੁਤ

ਲੋਕਪ੍ਰਿਯ ਹੋਈਆਂ।

–ਸਾਵਣ ਸਰਸ ਮਨਾ ਘਣੁ ਬਰਸੇ ਰੁਤ ਆਏ

–ਜਿਸ ਦਾ ਸਾਹਿਬ ਡਾਢਾ ਹੋਇ

–ਰਾਮ ਰਾਮ ਬੋਲ ਰਾਮ ਰਾਮ

–ਰਸਨਾ ਗੁਨ ਗੋਪਾਲ ਨਿਧ ਗਾਇਨ

–ਗਈ ਬਹੁੜ ਬੰਦੀ ਛੋੜ

ਆਦਿ ਸ਼ਬਦ ਸੰਗਤ ਵਲੋਂ ਵਿਸ਼ੇਸ਼ ਤੌਰ ਤੇ ਸਰਵਣ ਕੀਤੇ ਜਾਂਦੇ ਸਨ।

ਲਾਹੌਰ ਪਾਕਿਸਤਾਨ ਵਿਖੇ ਪ੍ਰੋ. ਚਤਰ ਸਿੰਘ ਦੇ ਜੱਥੇ ਨੇ ਕੀਰਤਨ ਦਰਬਾਰ ਵਿਚ ਜਦੋਂ ਕੀਰਤਨ ਕੀਤਾ ਤਾਂ ਉਸ ਸਮੇਂ ਰਿਕਾਡਿੰਗ ਦਾ ਰਿਵਾਜ਼ ਨਹੀਂ ਸੀ।

ਪਹਿਲੀ ਵਾਰ ਰੇਡੀਓ ਸਟੇਸ਼ਨ ਵਾਲਿਆਂ ਨੇ ਖੁਸ਼ ਹੋ ਕੇ ਪ੍ਰੋ. ਚਤਰ ਸਿੰਘ ਦਾ ਰੇਡੀਓ ਸਟੇਸ਼ਨ ਲਾਹੌਰ ਬੁਲਾ ਕੇ ਸ਼ਬਦ ਰਿਕਾਰਡ ਕੀਤਾ।"ਕੋਈ ਬੋਲੇ ਰਾਮ ਰਾਮ ਕੋਈ ਖੁਦਾਇ" ਜਿਸ ਦੀ ਰਿਕਾਰਡਿੰਗ ਅੱਜ ਵੀ ਰੇਡੀਓ ਸਟੇਸ਼ਨ ਤੇ ਮੌਜੂਦ ਹੈ ਅਤੇ ਕਈ ਵਾਰ ਇਹ ਸ਼ਬਦ ਸੰਗਤਾਂ ਲਾਹੌਰ ਰੇਡੀਓ ਤੋਂ ਸੁਣਦੀਆਂ ਹਨ।[7]

ਕੀਰਤਨ ਖੇਤਰ ਦੀਆਂ ਲਗਭਗ 62 ਸਾਲਾਂ ਦੀਆਂ ਸੇਵਾਵਾਂ, ਪ੍ਰਾਪਤੀਆਂ ਅਤੇ ਵਿਲੱਖਣ ਗੁਣਾਂ ਨੂੰ ਮੁੱਖ ਰੱਖਦਿਆਂ ਪ੍ਰੋ. ਚਤਰ ਸਿੰਘ ਨੂੰ ਕਈ ਪ੍ਰਮਾਣ ਪੱਤਰਾਂ ਦੁਆਰਾ ਅਤੇ ਸਨਮਾਨ ਦੇ ਕੇ ਨਿਵਾਜਿਆ ਗਿਆ।

–1940 ਵਿਚ ਗੁਰਦੁਆਰਾ ਨਨਕਾਣਾ ਸਾਹਿਬ ਕਮੇਟੀ

–1942 ਵਿਚ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਜ਼ਿਲ੍ਹਾ ਕੈਮਲਪੁਰ ਵਲੋਂ ਗੁਰਦੁਆਰਾ ਪ੍ਰਧਾਨ ਸ. ਅਰਜਨ ਸਿੰਘ ਵਲੋਂ

–ਰਾਵਲ ਮੰਡੀ ਕਰਤਾਰਪੁਰ ਵਿਖੇ ਸੁੰਦਰ ਸਿੰਘ ਵਲੋਂ

–ਗੁਰਦੁਆਰਾ ਸਾਹਿਬ, ਟਾਊਨ ਜਮਸ਼ੇਦਪੁਰ (ਟਾਟਾ ਨਗਰ)

–ਗੁਰਦੁਆਰਾ ਇਛਾਪੁਰ (ਬੰਗਾਲ)

–1938 ਵਿਚ ਸਿੰਘ ਸਭਾ ਇੱਛਾਪੁਰ ਬੰਗਾਲ ਪ੍ਰਧਾਨ ਗੰਗਾ ਰਸਾਲਪੁਰ ਵਿਖੇ ਤੰਤੀ ਸਾਜਾਂ ਨਾਲ ਕੀਰਤਨ ਕਰਕੇ ਬਹੁਤ ਵੱਡੇ ਕੀਰਤਨ ਦਰਬਾਰ ਵਿਚ ਪ੍ਰਸਿੱਧ ਰਬਾਬੀਆਂ ਦਾ ਖਿਤਾਬ ਦੇ ਕੇ ਸਨਮਾਨਿਤ ਕੀਤਾ ਗਿਆ।

–1938 ਕਮਾਂਡੈਂਟ ਐਸ. ਐਸ. ਸਟੇਟਸ, ਬਟਾਲੀ ਘਰ ਬਰਮਾ ਮਿਲਟਰੀ ਪੋਲੀਸ

–1939 ਗੁਰਦੁਆਰਾ ਪ੍ਰਬੰਧਕ ਕਮੇਟੀ ਲਾਹੌਰ

–1940 ਮੈਨੇਜਮੈਂਟ ਕਮੇਟੀ ; ਨਨਕਾਣਾ ਸਾਹਿਬ

–ਗੁਰੂ ਸਿੰਘ ਸਭਾ, ਬਰਨਾਲਾ ਰਿਆਸਤ

–ਗੁਰਦੁਆਰਾ ਪ੍ਰਬੰਧਕ ਕਮੇਟੀ; ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ)

–ਸ੍ਰੀ ਗੁਰੂ ਸਿੰਘ ਸਭਾ ਗੋਜਰਾ, ਲਾਇਲਪੁਰ

–1942 ਸ੍ਰੀ ਗੁਰੂ ਸਿੰਘ ਸਭਾ, ਪੜੀ ਦਰਵਾਜ਼ਾ, ਜੇਹਲਮ

-1998 ਵਿਚ ਜਵੱਦੀ ਕਲਾਂ ਟਕਸਾਲ, ਲੁਧਿਆਣਾ ਦੇ ਮੋਢੀ ਸੰਤ ਬਾਬਾ ਸੁੱਚਾ ਸਿੰਘ ਨੇ 'ਭਾਈ ਮਰਦਾਨਾ' ਪੁਰਸਕਾਰ ਦੇਦਿਆਂ 'ਪੰਥ ਰਤਨ' ਦੇ ਨਾਂ ਨਾਲ ਸਨਮਾਨਤ ਕੀਤਾ।

ਪ੍ਰੋ. ਚਤਰ ਸਿੰਘ ਨੂੰ ਇੱਕ-ਦੋ ਵਾਰ ਹੀ ਨਹੀਂ ਬਲਕਿ ਕਈ ਵਾਰ ਵੱਖ-ਵੱਖ ਇਤਿਹਾਸਕ ਅਤੇ ਸਿੰਘ ਸਭਾ ਆਦਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਲੋਂ ਸੋਨੇ ਚਾਂਦੀ ਆਦਿ ਧਾਤਾਂ ਅਤੇ ਤਗਮਿਆਂ ਅਤੇ ਪ੍ਰਮਾਣ ਪੱਤਰਾਂ ਨਾਲ ਸਮੇਂ-ਸਮੇਂ ਦੇ ਨਾਲ ਸਨਮਾਨ ਕੀਤਾ ਜਾਂਦਾ ਰਿਹਾ ਹੈ।

-1940 ਵਿਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਦਿਓਵਾਲੀ ਦੀ ਪ੍ਰਬੰਧਕ ਕਮੇਟੀ ਵਲੋਂ ਕਮੇਟੀ ਦੇ ਪ੍ਰਧਾਨ ਸ੍ਰ. ਮੱਲ ਸਿੰਘ ਜੀ ਨੇ ਆਪ ਜੀ ਦੇ ਜੱਥੇ ਦੀ ਕੁਸ਼ਲਤਾ ਲਈ ਪ੍ਰਮਾਣ ਪੱਤਰ ਦਿੱਤਾ। 1941 ਵਿਚ ਗੁਰਦੁਆਰਾ ਕਮੇਟੀ, ਭਾਈ ਜੋਗਾ ਸਿੰਘ ਜੀ, ਪਿਸ਼ਾਵਰ ਸ਼ਹਿਰ (ਪਾਕਿਸਤਾਨ) ਵੱਲੋਂ ਪ੍ਰਮਾਣ ਪੱਤਰ ਦਿੱਤਾ ਗਿਆ। 1941 ਗੁਰਦੁਆਰਾ ਕਮੇਟੀ, ਸ੍ਰੀ ਗੁਰੂ ਸਿੰਘ ਸਭਾ, ਲਾਲਾ ਮੂਸਾ ਵਲੋਂ। 1939 ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਸਮਾਗਮ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਲਾਹੌਰ ਵਲੋਂ ਗੁਰਦੁਆਰਾ ਡੇਹਰਾ ਸਾਹਿਬ (ਪਾਕਿਸਤਾਨ)। 1946 ਵਿਚ ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ ਵਿਖੇ 15 ਦਿਨ ਕੀਰਤਨ ਕਰਦੇ ਰਹੇ। 18 ਅਪ੍ਰੈਲ 1946 ਨੂੰ ਵਿਸ਼ੇਸ਼ ਤੌਰ ਤੇ ਕਿਰਪਾਨ, ਮੈਡਲ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ। ਸੀਸ ਗੰਜ ਪ੍ਰਬੰਧਕ ਕਮੇਟੀ, ਦਿੱਲੀ ਦੇ ਮੈਨੇਜਰ ਸ੍ਰੀ ਹਰਨਾਮ ਸਿੰਘ ਨੇ ਦਿੱਤਾ। 1938 ਵਿਚ ਬਰ੍ਹਮਾ ਵਿਖੇ ਬਰ੍ਹਮਾ ਮਿਲਟਰੀ ਪੁਲੀਸ (Southern Shan States Battalion) ਨੇ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਸਿਖ ਟੈਂਪਲ, ਰੰਗੂਨ ਵਿਖੇ ਆਪ ਲਗਭਗ ਦੋ ਮਹੀਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਇਥੇ ਹੀ ਆਪ ਜੀ ਦੇ ਵੱਡੇ ਭਰਾ ਸ੍ਰ. ਸੁਦਾਗਰ ਸਿੰਘ (ਤਬਲੇ ਤੇ ਸਾਥ ਦਿੰਦੇ ਸਨ) ਦੇ ਬੀਮਾਰ ਹੋ ਜਾਣ ਕਾਰਣ ਮਹਾਨ ਸੰਗੀਤਾਚਾਰਯ ਪ੍ਰੋ. ਤਾਰਾ ਸਿੰਘ ਕੁਝ ਦਿਨ ਤੱਕ ਤਬਲੇ ਦੀ ਸੇਵਾ ਨਿਭਾਉਂਦੇ ਰਹੇ। ਅਤੇ ਇਥੇ ਹੀ ਸਿੱਖ-ਟੈਂਪਲ ਕਮੇਟੀ, ਰੰਗੂਨ ਨੇ ਆਪ ਨੂੰ ਮੈਡਲ, ਨਕਦ ਭੇਟਾ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ। 1952 ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਵਲੋਂ। 1953 ਵਿਚ ਤਖ਼ਤ ਸੀ ਪਟਨਾ ਸਾਹਿਬ ਵਲੋਂ ਪ੍ਰਮਾਣ ਪੱਤਰ ਪ੍ਰਾਪਤ ਕੀਤਾ।

1928 ਤੋਂ 1992 ਤੱਕ ਲਗਭਗ 65 ਸਾਲਾਂ ਆਪ ਗੁਰੂ ਸਾਹਿਬ ਵੱਲੋਂ ਚਲਾਈ ਹੋਈ ਗੁਰਮਤਿ ਸੰਗੀਤ ਪ੍ਰਣਾਲੀ ਨੂੰ ਬਰਕਰਾਰ ਰੱਖਣ ਲਈ ਸੰਗਤਾਂ ਨੂੰ ਤੰਤੀ ਸਾਜ਼ਾਂ ਨਾਲ ਕੀਰਤਨ ਕਰਕੇ ਗੁਰੂ ਘਰ ਦੇ ਨਾਲ ਜੋੜਦੇ ਰਹੇ ਅਤੇ ਸਮੇਂ-ਸਮੇਂ ਨਾਲ ਇਹ ਕੀਰਤਨ ਦੀ ਦਾਤ ਘਰ ਵੀ ਵੰਡਦੇ ਰਹੇ। ਪ੍ਰੋ. ਚਤਰ ਸਿੰਘ ਦੇ ਅਨੇਕ ਸ਼ਾਗਿਰਦ ਸਨ ਜਿਨ੍ਹਾਂ ਵਿਚ ਖਾਸ ਕਰਕੇ ਪ੍ਰੋ ਚਤਰ ਸਿੰਘ ਰੇਡੀਓ ਸਟੇਸ਼ਨ ਜ ਧਰ ਵਾਲੇ, ਜੋ ਪ੍ਰਸਿੱਧ ਦਿਲਰੁਬਾ ਵਾਦਕ ਹਨ ਇਹਨਾਂ ਦੇ ਸ਼ਾਗਿਰਦ ਸਨ। ਬੀਬੀ ਮਨਸਾ ਕੌਰ, ਰਾਗੀ ਹਰਮਿੰਦਰ ਸਿੰਘ, ਭਾਈ ਰੂਪ ਸਿੰਘ ਕੱਲਕੱਤੇ ਵਾਲੇ ਅਤੇ ਹੋਰ ਕਈ ਕੀਰਤਨਕਾਰ ਸਿੰਘਾਂ ਨੇ ਪ੍ਰੋ. ਚਤਰ ਸਿੰਘ ਕੋਲੋਂ ਕੀਰਤਨ ਦੀ ਵਿਦਿਆ ਪ੍ਰਾਪਤ ਕੀਤੀ।

23 ਅਪਰੈਲ 1999 ਨੂੰ ਸਵੇਰੇ 6.00 ਵਜੇ ਪ੍ਰੋ. ਚਤਰ ਸਿੰਘ ਦਾ ਦੇਹਾਂਤ ਹੋ ਗਿਆ। ਦੋ ਸਾਲ ਤੋਂ ਦਮੇ ਦੀ ਬੀਮਾਰੀ ਨਾਲ ਪੀੜ੍ਹਤ ਚਲੇ ਆ ਰਹੇ ਸਨ। ਗੁਰਮਤਿ ਸੰਗੀਤ ਪ੍ਰੇਮੀਆਂ ਲਈ ਅਤੇ ਸਿੱਖ ਸੰਗਤਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਅੱਜ ਪ੍ਰੋ. ਚਤਰ ਸਿੰਘ ਦੇ ਬੇਟੇ ਡਾ. ਜਬਰਜੰਗ ਸਿੰਘ ਅਤੇ ਭਾਈ ਕਿਰਪਾਲ ਸਿੰਘ, ਪ੍ਰੋ. ਚਤਰ ਸਿੰਘ ਦੀ ਯਾਦ ਵਿਚ ਟਕਸਾਲ ਵਿਚ ਰਹਿ ਕੇ ਗੁਰਮਤਿ ਸੰਗੀਤ ਦੀ ਸਿਖਿਆ ਦੇ ਰਹੇ ਹਨ।

**Research Scholer Gumat Sangeet Depatment Punjabi University Patiala**

# ''संगीत शिक्षण में अलंकारों का महत्त्व''

## (विशिष्ट वर्ण सन्दर्भ अंलकार)

कमलेश इन्द्र सिंह

ग्रन्थकारों ने अलंकारों की व्याख्या इस प्रकार की है अर्थात् कुछ नियमित वर्ण समुदायों को अलंकार कहा जाता है, अलंकार का शाब्दिक अर्थ होता है सजाना या शोभा बढ़ाना अलंकार को सांगीतिक भाषा में पलटा भी कहा जाता है। अलंकार अलंकृति : अलंकार अर्थात् अभूषण जो भूषित करे वह अलंकार है। सांगीतिक भाषा में स्वरों के नियमानुसार चलन को अलंकार कहा जाता है। संगीत रत्नाकर के रचनाकार पं० शारंग देव ने भी नियमित वर्ण समुह को अलंकार ही कहा है।

गायन एवं वादन संगीत के विद्यार्थियों की संगीत शिक्षा का प्रारम्भ स्वर अलंकारों से ही होता है। अलंकार जैसा कि विद्वानों ने अलंकारों को एक आभूषण तथा गहना कहा है और बड़ा ही सुन्दर उदाहरण प्रस्तुत किया है कि जिस प्रकार किसी स्त्री की शोभा स्वर्ण आदि आभूषणों को धारण कर शरीर की शोभा में वृद्धि होती है उसी प्रकार काव्य की शोभा काव्य अलंकार द्वारा तथा संगीत की शोभा स्वर अलंकारों तोड़े, तान, बोल तान, आलाप, तोड़ा सरगम लयकारी आदि स्वरों को अलंकृत कर संगीत – गायन वादन की शोभा में वृद्धि होती है।

संगीत शिक्षा का सर्वप्रथम चरण अलंकारों का अभ्यास है। अलंकारों के नियमित अभ्यास द्वारा संगीत के विद्यार्थी की स्वर में पकड़ मज़बूत हो जाती है। अलंकार गायन वादन की शोभा में चार चांद लगा देते हैं। अलंकारों का महत्त्व 'अभिनव राग मंजरी' में इस प्रकार बताया गया है: –

''राशिना रहितेव निशा,

विजलेव नदी लता विषुणदेव।।

अविभूर्षि तेव कांता, गीतिरलंकार होना स्थात''

अर्थात् जैसे चन्द्रमा के बिना रात्रि, जल के बिना नदी, फूलों के बिना लता और आभूषणों के बिना स्त्री शोभा नहीं देती उसी प्रकार अलंकारों के बिना गीत शोभा नहीं देता। वास्तव में किसी भी विषय की शिक्षा का ज्ञान हासिल करने के लिए हमें उस विषय के मूल वर्णों को समझने की अवश्यकता होती

है अर्थात् किसी भी विषय की शिक्षा का मुलाधार उस विषय के मूलवर्ण ही होते हैं। स्वर अलंकार संगीत शिक्षा का मूलाधार हैं, मूल शुद्ध स्वर स, रे, ग, म, प, ध, नि के अतिरिक्त स्वर अलंकारों के क्रमानुसार पलटे भी बनाए जाते हैं अर्थात् शुद्ध स्वरों का क्रमबद्ध विधि से अभ्यास (रिआज़) इस विधि के अर्न्तगत भिन्न-भिन्न शुद्ध स्वर समूहों के द्वारा विद्यार्थी को शिक्षक द्वारा लयवद्ध स्वर अलंकारों से अभ्यास करवाया जाता है अर्थात् इन्हीं अलंकारों का लय बद्ध कर्म में अभ्यास विद्यार्थी को संगीत शिक्षा के लिए सही मार्ग दर्शन प्रदान करने में सहायक होता है। स्वर अलंकारों का प्रयोग राग की शोभा बढ़ाने के लिए भिन्न-भिन्न प्रकार से गायक वादक द्वारा किया जाता है जैसे गमक, तान, तोड़ा, बोल तान, मुर्की, मींड, जमजमा आदि यह सब अलंकारों के ही प्रकार हैं।

1. वर्णलंकार
2. शब्दलंकार

1. वर्णालंकार : स रे ग म, रे ग म प, ग म प ध - - - आदि
2. शब्दलंकार: जैसे खटका, गमक, मींड आदि।

विद्वानों ने अलंकारों की संख्या अनेक प्रकार की बताई है, फिर भी शास्त्रकारों ने अलंकारों के 63 प्रकारों का साहित्यिक रूप में उल्लेख किया है। संगीत समारोह आदि सांगीतिक महफिलों में गायक अथवा वादक अपनी राग संगीत कला के प्रस्तुतिकरण में इन्हीं स्वर अलंकारों द्वारा स्वरों को अलंकृत कर तान, तोड़े, मुर्की, गमक, सरगम, मींड आदि का प्रयोग कर अपनी कला का परिचय श्रोताओं को देता है।

साधारण बोलचाल की भाषा में अलंकारों को ''सरगम'' भी कहा जाता है जैसा कि स्वरों के कर्म तथा नाम से ही स्पष्ट हो जाता है स, रे, ग, म, प, ध, नी, सां सात स्वरों के इस निश्चित कर्म के लिए विद्वानों ने 'अष्टम' शब्द का भी प्रयोग किया है अर्थात् आठ (8) स्वर, लेकिन संगीत के तो मूल 7 ही स्वर हैं, सरगम का अभ्यास करते समय हम 'नि' स्वर के बाद 'स' स्वर का उच्चारण भी तार सप्तक के 'स' में गायन-वादन में करते हैं, हो सकता है कि इसी तार सप्तक के 'स' स्वर को मिला कर ही 'अष्टम' शब्द का प्रयोग किया गया हो यह मेरा व्यक्तिगत अनुमान है।

''वास्तव में सरगम शब्द मध्यकालीन संगीत का योगदान है और 'अष्टम' शब्द प्राचीन संगीत के सप्तम से प्रभावित है।''

स्वर अर्थात् ध्वनि के स्रोत **(Sources)**

स्वर की गहराई को समझाने के लिए हमें 'नाद' 'श्रुति' तथा सप्तक पर भी चर्चा करने की आवश्यकता है। संगीत उपयोगी स्वर की उत्पत्ति नाद के द्वारा होती है 'नाद' को विद्वानों ने दो प्रकार से स्वीकारते हुए 'नाद' को ब्रह्म रूप कहा है, और नाद के दो प्रकार माने हैं।

नाद के प्रकार: -

1. आहत नाद: – जो ध्वनि किसी अघात द्वारा उत्पन्न होती है, उसे आहत नाद कहते हैं।

2. अनाहत नाद: – यह नाद बिना किसी आघात के स्वयं चलता रहता है, इस लिए इस नाद को अनाहत नाद की संज्ञा दी गई है, इसे केवल योगी जन ही सुन सकते हैं।

''यह सृष्टि पाँच भूतों द्वारा निर्मित है वायू, अग्नि, जल, पृथ्वी तथा आकाश। आकाश का गुण है आवाज़ अथवा ध्वनि। आकाश तो सृष्टि में सदैव विराजमान है, इसी लिए नाद को ब्रह्म कहा गया है।''

नाद

सांगीतिक आवाज अथवा ध्वनि संगीत में प्रयोग होने वाली ध्वनि को नाद कहा जाता है। पं० शारंग देव ने नाद को इस प्रकार से परिभाषित करने का प्रयास किया है।

नाकारं प्राणनामानं दकारंनलं विदु:

जात प्राणग्नि संयोगश्रेन नादोभिर्धायते।

अर्थात् नाद शब्द में नाकार प्राण वाचक वायू और दकार अग्निवाचक है, इसलिए जो वायु तथा अग्नि के समूहों से पैदा हो वह 'नाद' है। 'नाद' शब्द के महत्त्व को प्रकट करते हुए श्री गुरु ग्रन्थ साहिब में भी गुरु साहिब ने अपनी वाणी में कहा है: –

सोदर केहा सो घर केहा

जित बहि सरब समाले।।

वाजे नाद अनेक असंखा केते वावनहारे।।

राग नाद सभ सच है

कीमत कही न जाए।।

अर्थात् सांगीतिक नाद से उत्पन्न राग मन को खुशी और आनंद प्रदान करता है, राग और नाद की महिमा सत्य और अपार है, चित को आनंद प्रदान करने वाले इस राग नाद की कोई धनी व्यक्ति कीमत अदा कर, इसे धन के द्वारा प्राप्त नहीं कर सकता।

संगीत का आधार रूप 'नाद' ही है नाद से ही ध्वनि है, ध्वनि से ही 'स्वर' है संगीत की प्रस्तुति का सशक्त माध्यम स्वर' है और संगीत कला को स्वर अलंकारों द्वारा अलंकृत कर श्रोताओं के सन्मुख संगीतकार द्वारा प्रस्तुत किया जाता है। यह बात सत्य है कि कला का सृजन किसी विशेष माध्यम के द्वारा होता है तथा नाद को संगीत कला का माध्यम माना गया है और इसी तथ्य को स्वीकार कर 'नाद' को र्स्वव्यापी और सनातन मानकर विद्वानों ने सम्पूर्ण सृष्टि को संगीतमय माना है। 'नाद' का उत्पन्न होना।

इसके लिए किसी वस्तु पर चोट की कई क्रियाएँ है, जैसे उस वस्तु को स्पर्श करना, रगड़ना, हिलाना, प्रहार करना आदि जिससे उस वस्तु में कंपन **(Vibrations)** पैदा होती है तथा ध्वनि की उत्पत्ति इन्हीं कंपनों पर निर्भर करती है। अगर वस्तु के कंपन नियमित तथा स्थिर हैं तो वह ध्वनि या स्वर संगीत उपयोगी है अगर उस वस्तु के कंपन नियमित तथा स्थिर नहीं हैं, तो उसे संगीत उपयोगी ध्वनि नहीं स्वीकार किया गया।

श्रुतिः – अब हमने थोड़ा 'श्रुति' पर भी विचार करना है, श्रुति नाद की ही एक इकाई है, श्रुति का प्रयोग किसी विशेष ध्वनि के लिए किया जाता है और 'नाद' को सभी श्रुतियों का आधार माना गया है, इसी तथ्य को महत्त्व प्रदान करते हुए सुधा श्री वास्तव लिखते हैं ''श्रुति भी नाद रूप है, परन्तु उस विशाल रूप की एक एकाई है, इसी लिए श्रुति शब्द का प्रयोग किसी विशेष ध्वनि अथवा आवाज़ के लिए किया जाता है, जबकि 'नाद' ऐसा सभी श्रुतियों का आधार है और सभी सांगीतिक ध्वनियां नादात्मक होती हैं।''

स्वरः – 'स्वर' उत्पत्ति नाद के नियमित रूप गुण के द्वारा होती है। नाद और श्रुति पर चर्चा करने के उपरांत हम संगीत के मूल स्वरों पर विचार करते हैं 'नाद' का नियमित गुण मंथन ही स्वर को जन्म देता है जैसे कि हमारे संगीत में 7 स्वर हैं तथा इन्हीं स्वरों के आधार पर ही अभ्यास के लिए 'स्वर अलंकार' बनाए जाते हैं तथा इन्हीं स्वरों को तीन सप्तकों में बांटा गया है।

1. मन्द्र सप्तक (Low Pitch)
2. मध्य सप्तक (Mediam Pitch)
3. तार सप्तक (High Pitch)

अर्थात् विधार्थि को इन्हीं तीन सप्तकों में स्वर अलंकारों का अभ्यास करने के लिए कहा जाता है तथा भिन्न स्वर अलंकार जैसे स र ग, रे म प, ग म प, ........ इस क्रिया को 'सरगम' या पलटा भी कहा जाता है, इन मूल शुद्ध स्वर अलंकारों के नियमित अभ्यास से विद्यार्थी कंठ संगीत के लिए तथा सितार, सरोद्ध तंत्री वाद्यों के लिए तैयार हो जाता है तथा संगीत का विद्यार्थी गुरु से प्राप्त संगीत शिक्षा ग्रहण कर एक उत्तम संगीतकार की पदवि को धारण करने में सक्षम हो जाता है। पं० ओमकार नाथ ठाकुर जी के परम शिष्य पं० सूरज प्रकाश जी ने एक उत्तम संगीतकार बनने के लिए चार बातों का होना विद्यार्थी के लिए अनिवार्य बताया है।

1. ''अच्छा गुरु प्राप्त हो जाए
2. अच्छा रियाज़ हो जाए
3. अच्छा माहौल उपयोगी वातावरण प्राप्त हो जाए

4. अच्छा संतुलित आहार'' (अच्छी खुराक)

यह चार गुण पं० जी के अनुसार एक श्रेष्ठ कलाकार को जन्म देते हैं।

उपरोक्त बातों पर चर्चा करने के उपरांत यह बात स्पष्ट हो जाती है, कि विद्यार्थी जीवन में संगीत साधना का, महत्त्वपूर्ण स्थान है 'नाद' एक सांगीतिक ध्वनि है, 'श्रुति' उस नाद की एक एकाई है अर्थात् 'नाद' 'श्रुति' 'स्वर' संगीत उपयोगी नियमित 'कपन्न' अथवा 'ध्वनि' को ध्यान में रखते हुए ही विद्वानों द्वारा संगीत के मूल स्वरों (Musical Notes) की रचना की गई, भारतीय संगीत में इन स्वरों के नाम इस प्रकार हैं: –

| | |
|---|---|
| षडज अर्थात् | स |
| ऋषभ अर्थात् | रे |
| गंधार अर्थात् | ग |
| मध्यम अर्थात् | म |
| पंचम अर्थात् | प |
| धैवत अर्थात् | ध |
| निषाद अर्थात् | नि |

शास्त्रीय भाषा में इन्हें षड़ज, रिषभ, गंधार – – के नाम से तथा क्रियात्मक प्रयोग में इन्हीं स्वरों को स, रे, ग, म, प, ध, नि.... के नाम से जाना जाता है इन स्वरों में 7 स्वर शुद्ध तथा रे, ग, ध नी स्वर कोमल तथा म तीव्र कुल संख्या 7 + 4 + 1 – 12 स्वर हैं, इन्हीं मूल स्वरों के आधार पर ही गायन शैलियां एवं वादन शैलियां की बंदिशों (Compositions) का निर्माण होता है जैसे: ख्याल, ठुमरी, गज़ल, गीत, फिल्म संगीत, रज़ाखानी और मसीतखानी गतें आदि।

12 स्वरों के क्रम को इस प्रकार भी समझा जा सकता है।

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

– ਸੰਪਾਦਕ : 09814053630

| स्वर संख्या | स्वर नाम | भारतीय स्वर नाम | पाश्चात्य स्वर नाम |
|---|---|---|---|
| 1 | स शुद्ध | स षड्ज | सी C |
| 2 | रे कोमल | रे ऋिषभ कोमल | डी D, Flat |
| 3 | रे शुद्ध | रे रिषभ शुद्ध | डी D |
| 4 | ग कोमल | ग गंधार कोमल | इ E, Flat |
| 5 | ग शुद्ध | ग गंधार शुद्ध | इ E |
| 6 | म शुद्ध | म मध्यम शुद्ध | एफ F |
| 7 | म तीव्र | म मध्यम तीव्र | एफ F - Staff |
| 8 | प शुद्ध | प पंचम शुद्ध | जी - G |
| 9 | ध कोमल | ध धैवत कोमल | ए - A Flat |
| 10 | ध शुद्ध | ध धैवत शुद्ध | ए - A |
| 11 | नी कोमल | नी नीषाद कोमल | बी B- Flat |
| 12 | नी शुद्ध | नी नीषाद शुद्ध | बी B |

संगीत शिक्षण में मुख्य 7 स्वर हैं, इन स्वरों के दो-2 रूप शुद्ध और विकृत हैं। 7 स्वरों में से षड़ज (स) और पंचम (प) स्वर को अचल (Fix Note) स्वर माना गया है अर्थात् इन दो स्वरों 'स' तथा 'प' का कोई कोमल विकृत रूप नहीं है और बाकी स्वर रे, ग, म, ध, और नी स्वरों में से रे, ग, ध, नी को विकृत स्वर अर्थात् रे ग ध नी के रूप में स्वर के नीचे डैश (-) लगा कर लिखा जाता है और मध्यम स्वर को 'म' तीव्र लिखते समय 'म' स्वर के ऊपर खड़ी डंडी लगा दी जाती है जैसे (मं) इस प्रकार क्रियात्मक पक्ष में हम गाते-बजाते समय देखेंगे कि कोमल स्वर की आवाज शुद्ध स्वर से आधा स्वर नीचे बोलेगी तथा कोमल स्वर शुद्ध स्वर से पहले आता है, और शुद्ध स्वर कोमल स्वर के बाद गाया बजाया जाता है परन्तु मध्यम (म) स्वर से पहले शुद्ध स्वर के रूप में उच्चारण होगा फिर (मं) तीव्र गाया बजाया जाता है अर्थात् म तीव्र (Sharp Note) शुद्ध से आधा स्वर ऊँचा रहता है।

एक स्वर से दूसरे स्वर की दूरी और स्वर की पहचान को समझाने के लिए जैसे 'स' स 'रे' तथा 'रे' स 'ग' 'ग' स 'म' क्रमश दूरी को समझने के लिए विद्यार्थी को नियमित रूप से मूल शुद्ध स्वरों का अलंकारों के रूप में अभ्यास करना होता है। इन्हीं मूल शुद्ध स्वर अलंकारों के आगे क्रमानुसार पलटे भी

तैयार किए जाते हैं। अलंकारों के अभ्यास (रिआज़) द्वारा संगीत के विद्यार्थी की स्वरों में पकड़ बन जाती है कहा भी जाता है कि ''अगर नींव अच्छी हो तो ईमारत भी मज़बूत पकड़ बनाती है'' इस प्रकार हम देखते हैं कि जिन विद्यार्थीयों का 'अलंकार' अभ्यास पर अधिक बल होगा विद्यार्थी को आगे चल कर रागदारी में तथा राग विस्तार में भी सहायता मिलती हैं। संगीत गायन-वादन के प्रारंभिक विद्यार्थीयों को स्वर पहचान तथा एक स्वर से दूसरे स्व्र की दूरी को दिमाग में बैठाने के लिए कुच्छ शुरूआती अलंकार वर्ण समूह दिए जाते हैं इन अलंकारों में पहले विद्यार्थी को शुद्ध स्वरों द्वारा तथा अलंकारो के पल्टे बना कर अभ्यास के लिए दिए जाते हैं, जब विद्यार्थी इन मूल शुद्ध स्वरों को न्यास देकर लयबद्ध तरीके से अभ्यास करता है तो अधिक लाभकारी होता है -

उदाहरण के लिए कुछ अलंकार इस प्रकार है

1. स रे ग, रे ग म, ग म प - - -

2. स रे ग म, रे ग म प, ग म प ध - - -

अलंकारों के पल्टे मूल स्वर वर्णों में से ही बनाए जाते हैं, उदाहरण के लिए किसी एक वर्ण समुदाय को लीजिए जैसे: - स रे ग स इस क्रिया में आरोही-अवरोही दोनों ही स्वर आ गए हैं स्वरों के इस क्रम को एक सीढ़ी मान लीजिए अब इसी आधार पर आगे बढ़ते हैं, और पिछला स्वर छोड़ कर अब आगे के स्वर को बढ़ाते हैं।

उदाहरण: - स रे ग स

रे ग म रे

रे ग म रे यह टुकड़ा इसका दूसरा चरण हो गया, इसी प्रकार आगे बढ़ते हैं जैसे:

उदाहरण: - स रे ग स

रे ग म रे

ग म प ग

म प ध म

प ध नि प

ध नि स ध

नि सं रे नि

सं रें गं सं

प्रात: समय मंदर सप्तक में अलंकारों का अभ्यास करना कंठ संगीत के विद्यार्थीयों के लिए

अति उत्तम माना गया है मंदर सप्तक के अभ्यास के लिए अलंकार।

उदाहरण: – आरोह: – म़ प़ ध़ नी़ स रे ग म प ध नी सं

अवरोह: सं नी ध प म ग रे स नी़ ध़ प़ म़ ग़

इसी क्रम में अब तार सप्तक के अभ्यास के लिए

उदाहरण: – आरोह: स रे, ग, म, प, ध, नी, सं, रें, गं, मं, पं – –

योग्यता अनुसार आगे का स्वर लगाया जा सकता है।

अवरोह: पं, मं, गं, रें, स, नि, ध, प, म, ग, रे स

मन्द्र तथा तार सप्तक के अभ्यास के उपरांत अभ्यास के लिए कुछ महत्त्वपूर्ण अलंकार उदाहरण के लिए दिए जा रहे हैं, यह अलंकार क्रमानुसार मूल शुद्ध स्वरों में अभ्यास के लिए हैं।

1. आरोह: स, रे, ग, म, प, ध, नी, सं

अवरोह: सं, नी, ध, प, म, ग, रे, स

2. आरोह: सस रेरे गग मम पप धध निनि संसं

अवरोह: संसं निनि धध पप मम गग रेरे सस

3. आरोह: सरेग, रेगम, गमप, मपध, पधनि, धनिसं

अवरोह: सनिध, निधप, धपम, पमग, मगरे, गरेस

4. आरोह: सरेगम, रेगमप, गमपध, मपधनि, पधनिसं

अवरोह: संनिधप, निधपम, धपमग, पमगरे, मगरेस

5. आरोह: स रे ग म प, रे ग म प ध, ग म प ध नि, म प ध नि सं

अवरोह: स नि ध प म, नि ध प म ग, ध प म ग रे, प म ग रे स

6. आरोह: सा रे स ग ग रे ग रे म म

ग म ग प प म प म ध ध

प ध प नि नि ध नि ध सं सं

अवरोह: सं सं ध नि ध,    नि नि प ध प

ध ध म प म,    प प ग म ग

म म रे ग रे,    ग ग स रे स

7. आरोह:    स ग, रे म, ग प, मध, पनि, धसं

अवरोह:    संध, निप, धम, पग, मरे, गस

8. आरोही – अवरोही क्रम में अभ्यास के लिए अलंकार

स

स रे स

स रे ग रे स

स रे ग म ग रे स

स रे ग म प म ग रे स

स रे ग म प ध नि ध प म ग रे स

स रे ग म प ध नि सं नि ध प म ग रे स

9.    सा रे ग म पा    प म ग रे सा

रे ग म प धा    ध प म ग रे    ग म प ध नि

नी धा प म ग    म प ध नि सां

10.

स रे ग    स रे ग    स ग    रे स रे ग

रे ग म    रे ग म    रे ग    रे म ग रे

ग म प    ग म प    ग म    ग प म ग

मपध  मपध  मप  मधपम
पधनि  पधनि  पध  निधप
धनिसं,  धनिसं धनि  धसंनिध
निसंरें, निसंरें, निस,  निरेंसंनिं
संरेंगं, संरेंगं, संरें,  संगंरेंसं

11.

संरेंगं  संरेंगं  संरें  संगंरेंसं
निसंरें, निसंरें, निस,  निरेंसंनि
धनिसं धनिसं धनि  धसंनिध
पधनि  पधनि  पध  निधपम
मपध  मपध  मप  मधपम
गमप  गमप  गम  गपमग
रेगम  रेगम  रेग  रेमगरे
सरेग  सरेग  सग  रेसरेग

इस प्रकार अलंकारों का संगीत शिक्षण में विशेष महत्त्वपूर्ण है, यह एक ऐसी सीढ़ी है, जिसकी आवश्यकता विद्यार्थी जीवन में तो परमावश्यक है ही संगीत के प्राकांड विद्वान भी अपने गायन वादन संगीत अभ्यास का प्रारंभ संगीत के मूल स्वर 'स' को न्यास देकर (15 से 20 मिनट) अभ्यास के उपरांत शुद्ध स्वर अलंकारों का रियाज़ निताप्रति करते हैं उपरांत किसी राग की वंदिश या रचना अथवा गत शैली का अभ्यास किया जाता है।

शोधार्थी, सिंघानिया विश्वविद्यालय, पचेरी बारी, झुंझुनु, राजस्थान-भारत , मो०:- 8146992454

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਦਰਬਾਰੀ ਕਾਨੜਾ

**ਹਰਿਭਜਨ ਸਿੰਘ**

ਥਾਟ : ਆਸਾਵਰੀ॥ ਜਾਤੀ : ਸੰਪੂਰਣ-ਛਾਡਵ॥ ਵਰਜਿਤ: ਅਵਰੋਹ ਵਿਚ ਧ॥ ਸਮਾਂ : ਅੱਧੀ ਰਾਤ॥ ਵ/ ਸੰ: ਰ/ਪ
ਆਰੋਹ : ਨ਼ ਸ, ਰ ਗੁ, ਰ ਸ, ਮ ਪ, ਧੁ, ਨੁ ਸਂ॥
ਅਵਰੋਹ : ਸਂ, ਧੁ ਨੁ ਪ, ਮ ਪ, ਗੁ, ਮ ਰ, ਸ॥
ਪਕੜ : ਗੁ ਰ ਰ ਸ, ਧ਼ , ਨ਼ ਸ, ਰ ਸ॥

| × | | 2 | | | 0 | | 3 | | | × | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| **ਸਥਾਈ** | | | | | | | | | | | | | | | | | | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਰ | ਪ | ਗੁ | – | ਮ | ਰ | ਰ | ਸ | – | – | ਧ਼ | ਧ਼ | ਨ਼ | – | ਰ | ਰ | ਸ | ਸ | – | – |
| ਕੀ | s | ਰ | s | ਤਿ | ਪ੍ਰ | ਭ | ਕੀ | s | s | ਗਾ | ਉ | ਮੇ | s | ਰੀ | ਰ | ਸ | ਨਾ | s | s |
| ਨ਼ | – | ਸ | – | ਨ਼ | ਰ | ਰ | ਸ | – | ਰ | ਗੁ | – | ਗੁ | – | ਗੁਮ | ਰ | – | ਸ | – | ਸ |
| ਅ | s | ਨਿ | s | ਕ | ਬਾ | sਰ | ਕ | s | ਰਿ | ਬੰ | s | ਦ | s | ਨs | ਸੰ | s | ਤ | s | ਨ |
| ਮ | ਪ | ਨੁ | – | ਪ | ਸਂ | ਸਂ | ਨੁ | ਪ | ਪ | ਗੁ | ਗੁ | ਗੁ | – | ਗੁਮ | ਰ | ਰ | ਸ | – | – |
| ਊ | s | ਹਾਂ | s | ਚ | ਰ | ਨ | ਗੋ | s | s | ਬਿੰ | ਦ | ਜੀ | s | ਕੇs | ਬ | ਸ | ਨਾ | s | s |
| **ਅੰਤਰਾ** | | | | | | | | | | | | | | | | | | | |
| ਮ | ਮ | ਪ | – | ਪ | ਧੁ | ਧੁ | ਨੁ | – | ਨੁ | ਸਂ | – | ਸਂ | – | ਸਂ | ਰਂ | ਨੁ | ਸਂ | – | – |
| ਅ | ਨਿ | ਕ | s | ਭਾਂ | s | ਤਿ | ਕ | s | ਰਿ | ਦੁਆ | s | ਰੁ | s | ਨ | ਪਾ | s | ਵਉ | s | s |
| ਨੁ | ਰਂ | ਰਂ | – | ਰਂ | ਰਂ | ਸਂ | ਸਂ | – | ਸਂ | ਰਂ | ਨੁ | ਰਂ | ਸਂ | ਸਂ | ਧੁ | ਨੁ | ਪ | – | – |
| ਹੋ | s | ਇ | s | ਕ੍ਰਿ | ਪਾ | s | ਲ | s | ਤ | ਹ | ਰਿ | ਹ | s | ਰਿ | ਧਿਆ | s | ਵਉ | s | s |
| ਮ | ਪ | ਨੁ | – | ਪ | ਸਂ | – | ਨੁ | ਪ | ਪ | ਗੁ | ਗੁ | ਗੁ | – | ਗੁਮ | ਰ | – | ਸ | – | – |
| ਹੋ | s | ਇ | s | ਕ੍ਰਿ | ਪਾ | s | ਲ | s | ਤ | ਹ | ਰਿ | ਹ | s | ਰਿs | ਧਿਆs | | ਵਉ | s | s |

ਮੋਬਾਇਲ : 9878636268

# ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

## ਅੰਗ ੧੨੯੮

### ਕਾਨੜਾ ਮਹਲਾ ੫ ॥

Kaanraa, Fifth Mehl:

**ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥**

Sing the Praises of God, O my tongue.

**ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥ ਰਹਾਉ ॥**

Humbly bow to the Saints, over and over again; through them, the Feet of the Lord of the Universe shall come to abide within you. ||1||Pause||

**ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥**

The Door to the Lord cannot be found by any other means.

**ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥੧॥**

When He becomes Merciful, we come to meditate on the Lord, Har, Har. ||1||

**ਕੋਟਿ ਕਰਮ ਕਰਿ ਦੇਹ ਨ ਸੋਧਾ ॥**

The body is not purified by millions of rituals.

**ਸਾਧਸੰਗਤਿ ਮਹਿ ਮਨੁ ਪਰਬੋਧਾ ॥੨॥**

The mind is awakened and enlightened only in the Saadh Sangat, the Company of the Holy. ||2||

**ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥**

Thirst and desire are not quenched by enjoying the many pleasures of Maya.

**ਨਾਮੁ ਲੈਤ ਸਰਬ ਸੁਖ ਪਾਇਆ ॥੩॥**

Chanting the Naam, the Name of the Lord, total peace is found. ||3||

**ਪਾਰਬ੍ਰਹਮ ਜਬ ਭਏ ਦਇਆਲ ॥**

When the Supreme Lord God becomes Merciful,

**ਕਹੁ ਨਾਨਕ ਤਉ ਛੂਟੇ ਜੰਜਾਲ ॥੪॥੩॥**

says Nanak, then one is rid of worldly entanglements. ||4||3||


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

| LIST OF DONORS FROM 10.10.2014 TO 14.01.2015 | | | | |
|---|---|---|---|---|
| R.No. | Date | Amount (Rs.) | Donors | Remarks |
| 6247 | 17.01.2015 | 1000 | WG.CDR. V.J.SINGH | |
| 6248 | 17.01.2015 | 1000 | SWARN SINGH BHATIA | |
| 6249 | 21.01.2015 | 150 | DR MANVINDER KAUR | |
| 6250 | 22.01.2015 | 200 | JAGTARJEET SNGH | |
| 6551 | 03.02.2015 | 150 | SWINDER SINGH KOCHHAR | |
| 6552 | 03.02.2015 | 200 | KAMLESH INDER SINGH | |
| 6553 | 09.02.2015 | 5000 | DR. JAGIR SINGH | |
| 6554 | 13.02.2015 | 2500 | SIGMA CORPORATION INDIA LTD. | |
| 6556 | 18.02.2015 | 1100 | COL. A.S. RATTAN | |
| 6557 | 18.02.2015 | 100 | COL. P.S. RANDHAWA | |
| 6558 | 18.02.2015 | 100 | FLT. /LT. SWARANJIT SINGH | |
| 6559 | 18.02.2015 | 100 | S.GURCHARAN SINGH | |
| 6560 | 18.02.2015 | 100 | S. DALWINDER SINGH | |
| 6561 | 18.02.2015 | 100 | AMANDEEP SINGH VILL.BHAJOULI | |
| 6562 | 18.02.2015 | 100 | AMANDEEP SINGH GILLCO VALLEY | |
| 6563 | 18.02.2015 | 100 | MS. SHARANJIT KAUR | |
| 6564 | 18.02.2015 | 100 | AMARJEET SINGH | |
| 6565 | 18.02.2015 | 100 | JATINDER SINGH | |

## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਜ਼ਰੂਰ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

Postal Regd. No. CH/0045/2015-2017 RNI Regd. No. 46788/89 ISSN 0972-2335

ੴ

ਮੁਝ ਤੇ ਕਛੂ ਨ ਹੋਈ ॥

## Mujh Te Kachoo Na Hoee

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ
ਬਿਖਮੁ ਤੇਰਾ ਹੈ ਭਾਣਾ
ਪ੍ਰਭ ਡੋਰੀ ਹਾਥਿ ਤੁਮਾਰੇ
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ

Mere Raam Rai Mujh te kachoo na hoee
Bikham tera hai Bhana
Prabh Dori Haath Tumhare
Mere Har Jeo Sabh Ko Tere Vas

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐੱਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**